ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2529 | 19 July, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਬਰਨਮ ਬਣਨਗੇ ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ!

**ਲੰਡਨ ਸਾਂਝੀ ਸੋਚ ਬਿਊਰੋ**

ਲੇਬਰ ਪਾਰਟੀ ਦੇ ਸੀਨੀਅਰ ਨੇਤਾ ਅਤੇ ਗ੍ਰੇਟਰ ਮੈਨਚੈਸਟਰ ਦੇ ਸਾਬਕਾ ਮੇਅਰ ਐਂਡੀ ਬਰਨਮ ਸੋਮਵਾਰ ਨੂੰ ਦੇਸ਼ ਦੇ ਨਵੇਂ ਪ੍ਰਧਾਨ ਮੰਤਰੀ ਬਣਨਗੇ। ਉਹ ਕੀਰ ਸਟਾਰਮਰ ਦੀ ਜਗ੍ਹਾ ਲੈਣਗੇ, ਜਿਨ੍ਹਾਂ ਨੇ ਪਿਛਲੇ ਮਹੀਨੇ ਪਾਰਟੀ ਲੀਡਰਸ਼ਿਪ ਅਤੇ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਸੀ। ਬ੍ਰਿਟੇਨ ਦੀ ਸੰਸਦੀ ਪ੍ਰਣਾਲੀ ਦੇ ਤਹਿਤ ਸੱਤਾਧਾਰੀ ਪਾਰਟੀ ਆਮ ਚੋਣਾਂ ਦੀ ਜ਼ਰੂਰਤ ਤੋਂ ਬਿਨਾਂ ਆਪਣਾ ਨੇਤਾ ਬਦਲ ਸਕਦੀ ਹੈ। ਐਂਡੀ ਬਰਨਮ ਲੇਬਰ ਪਾਰਟੀ ਦੇ ਇਕਲੌਤੇ ਉਮੀਦਵਾਰ ਸਨ, ਜਿਨ੍ਹਾਂ ਨੂੰ ਪਾਰਟੀ ਦੇ 401 ਸੰਸਦ ਮੈਂਬਰਾਂ ਵਿਚੋਂ 349 ਦਾ ਸਮਰਥਨ ਪ੍ਰਾਪਤ ਸੀ। ਸ਼ੁੱਕਰਵਾਰ ਨੂੰ ਇੱਕ ਵਿਸ਼ੇਸ਼ ਪਾਰਟੀ ਕਾਨਫਰੰਸ ਵਿਚ ਉਨ੍ਹਾਂ ਨੂੰ ਅਧਿਕਾਰਤ ਤੌਰ 'ਤੇ ਲੇਬਰ ਪਾਰਟੀ ਦਾ ਨਵਾਂ ਨੇਤਾ ਚੁਣਿਆ ਗਿਆ। ਹਾਲਾਂਕਿ, ਉਹ ਸੋਮਵਾਰ ਨੂੰ ਬਕਿੰਘਮ ਪੈਲੇਸ ਵਿੱਚ ਕਿੰਗ ਚਾਰਲਸ-3 ਨਾਲ ਮੁਲਾਕਾਤ ਤੋਂ ਬਾਅਦ ਰਸਮੀ ਤੌਰ 'ਤੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਣਗੇ। ਉਦੋਂ ਤੱਕ, ਕੀਰ ਸਟਾਰਮਰ ਕਾਰਜਕਾਰੀ ਪ੍ਰਧਾਨ ਮੰਤਰੀ ਵਜੋਂ ਬਣੇ ਰਹਿਣਗੇ।

ਬ੍ਰਿਟੇਨ ਦੇ ਸੰਸਦੀ ਲੋਕਤੰਤਰ ਵਿਚ, ਜਨਤਾ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਦੀ ਚੋਣ ਨਹੀਂ ਕਰਦੀ। ਲੋਕ ਸੰਸਦ ਮੈਂਬਰਾਂ ਨੂੰ ਸੰਸਦ ਲਈ ਚੁਣਦੇ ਹਨ, ਅਤੇ ਬਹੁਮਤ ਵਾਲੀ ਪਾਰਟੀ ਦਾ ਨੇਤਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ। ਜੇਕਰ ਸੱਤਾਧਾਰੀ ਪਾਰਟੀ ਆਪਣਾ ਨੇਤਾ ਮੱਧਕਾਲੀਨ ਬਦਲ ਦਿੰਦੀ ਹੈ, ਤਾਂ ਨਵਾਂ ਨੇਤਾ ਆਪਣੇ ਆਪ ਪ੍ਰਧਾਨ ਮੰਤਰੀ ਬਣ ਜਾਂਦਾ ਹੈ। ਇਸ ਸਥਿਤੀ ਵਿਚ, ਇੱਕ ਨਵੀਂ ਆਮ ਚੋਣ ਜ਼ਰੂਰੀ ਨਹੀਂ ਹੈ। ਬ੍ਰਿਟੇਨ ਵਿਚ ਅਗਲੀ ਆਮ ਚੋਣ 2029 ਤੱਕ ਲਾਜ਼ਮੀ ਨਹੀਂ ਹੈ, ਕਿਉਂਕਿ ਪਿਛਲੀ ਆਮ ਚੋਣ 2024 ਵਿਚ ਹੋਈ ਸੀ।

ਕੇਅਰ ਸਟਾਰਮਰ ਨੇ 22 ਜੂਨ ਨੂੰ ਲੇਬਰ ਪਾਰਟੀ ਦੇ ਨੇਤਾ ਵਜੋਂ ਆਪਣੇ ਅਸਤੀਫੇ ਦਾ ਐਲਾਨ ਕੀਤਾ। ਉਨ੍ਹਾਂ ਦੇ ਲਗਭਗ ਦੋ ਸਾਲਾਂ ਦੇ ਕਾਰਜਕਾਲ ਵਿਚ ਕਈ ਰਾਜਨੀਤਿਕ ਵਿਵਾਦ ਹੋਏ। ਸਭ ਤੋਂ ਮਹੱਤਵਪੂਰਨ ਵਿਵਾਦ ਸਵਰਗੀ ਸੈਕਸ ਅਪਰਾਧੀ ਜੈਫਰੀ ਐਪਸਟਾਈਨ ਨਾਲ ਕਥਿਤ ਤੌਰ 'ਤੇ ਨਜ਼ਦੀਕੀ ਸਬੰਧਾਂ ਵਾਲੇ ਵਿਅਕਤੀ ਦੀ ਸੰਯੁਕਤ ਰਾਜ ਅਮਰੀਕਾ ਵਿਚ ਬ੍ਰਿਟਿਸ਼ ਰਾਜਦੂਤ ਵਜੋਂ ਨਿਯੁਕਤੀ ਸੀ। ਇਸ ਤੋਂ ਇਲਾਵਾ, ਮਈ ਵਿਚ



ਸਥਾਨਕ ਚੋਣਾਂ ਵਿਚ ਲੇਬਰ ਪਾਰਟੀ ਨੂੰ ਭਾਰੀ ਨੁਕਸਾਨ ਹੋਇਆ, ਜਿਸ ਕਾਰਨ ਸਟਾਰਮਰ 'ਤੇ ਅਸਤੀਫਾ ਦੇਣ ਲਈ ਦਬਾਅ ਵਧਿਆ। ਇਸ ਦੌਰਾਨ, ਐਂਡੀ ਬਰਨਹੈਮ ਨੇ ਸੰਸਦ ਲਈ ਇੱਕ ਵਿਸ਼ੇਸ਼ ਚੋਣ ਜਿੱਤੀ, ਅਤੇ ਪਾਰਟੀ ਦੇ ਅੰਦਰ ਉਸਦੇ ਸਮਰਥਨ ਨੇ ਸਟਾਰਮਰ ਦੇ ਅਸਤੀਫੇ ਦਾ ਰਾਹ ਪੱਧਰਾ ਕੀਤਾ।

ਬਿਨਾਂ ਆਮ ਚੋਣਾਂ ਦੇ ਪ੍ਰਧਾਨ ਮੰਤਰੀਆਂ ਨੂੰ ਬਦਲਣਾ ਬ੍ਰਿਟੇਨ ਵਿਚ ਅਸਧਾਰਨ ਨਹੀਂ ਹੈ। ਪਿਛਲੇ ਦਹਾਕੇ ਵਿਚ 6 ਪ੍ਰਧਾਨ ਮੰਤਰੀਆਂ ਵਿਚੋਂ ਚਾਰ ਅੰਦਰੂਨੀ ਪਾਰਟੀ ਲੀਡਰਸ਼ਿਪ ਚੋਣਾਂ ਜਿੱਤ ਕੇ ਪ੍ਰਧਾਨ ਮੰਤਰੀ ਬਣੇ। ਡੇਵਿਡ ਕੈਮਰਨ ਦੇ ਅਸਤੀਫ਼ੇ ਤੋਂ ਬਾਅਦ ਥੈਰੇਸਾ ਮੇਅ ਨੇ ਅਹੁਦਾ ਸੰਭਾਲਿਆ। ਪਾਰਟੀ ਲੀਡਰਸ਼ਿਪ ਜਿੱਤਣ ਤੋਂ ਬਾਅਦ ਬੋਰਿਸ ਜੌਨਸਨ ਵੀ ਪ੍ਰਧਾਨ ਮੰਤਰੀ ਬਣੇ। ਜੌਨਸਨ ਦੇ ਅਸਤੀਫ਼ੇ ਤੋਂ ਬਾਅਦ ਲਿਜ਼ ਟਰਸ ਪ੍ਰਧਾਨ ਮੰਤਰੀ ਬਣ ਗਏ। ਟਰਸ ਦੇ ਅਸਤੀਫ਼ੇ ਤੋਂ ਸਿਰਫ਼ 49 ਦਿਨਾਂ ਬਾਅਦ ਰਿਸ਼ੀ ਸੁਨਕ ਪ੍ਰਧਾਨ ਮੰਤਰੀ ਬਣੇ। ਐਂਡੀ ਬਰਨਹੈਮ ਹੁਣ ਪਿਛਲੇ ਦਸ ਸਾਲਾਂ ਵਿਚ ਬ੍ਰਿਟੇਨ ਦੇ ਸੱਤਵੇਂ ਪ੍ਰਧਾਨ ਮੰਤਰੀ ਹੋਣਗੇ।

ਸੋਮਵਾਰ ਨੂੰ ਜਨਤਾ ਨੂੰ ਵਿਦਾਇਗੀ ਭਾਸ਼ਣ ਦੇਣ ਤੋਂ ਬਾਅਦ ਕੀਰ ਸਟਾਰਮਰ ਰਾਜਾ ਚਾਰਲਸ ਨੂੰ ਆਪਣਾ ਅਸਤੀਫ਼ਾ ਸੌਂਪਣ ਲਈ ਬਕਿੰਘਮ ਪੈਲੇਸ ਜਾਣਗੇ। ਐਂਡੀ ਬਰਨਮ ਫਿਰ ਮਹਿਲ ਜਾਣਗੇ, ਜਿੱਥੇ ਰਾਜਾ ਉਨ੍ਹਾਂ ਨੂੰ ਸਰਕਾਰ ਬਣਾਉਣ ਲਈ ਰਸਮੀ ਤੌਰ 'ਤੇ ਸੱਦਾ ਦੇਣਗੇ।

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ® CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space available for Ad
Contact # +1 (209) 303-1260
Contact # +91 81463-20009

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**





Specializing in all Types of Commercial Proprtries

**Gas Stations, Apartments, Commercial Buildings, Liquor stores and Land**

**CALL TODAY TO BUY/SELL YOUR REAL ESTATE/ BUSINESS**

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.

# LENDINGASSETS

Elevating Your Mortgage Experience



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ **Pre-Approvals** ਪ੍ਰਾਪਤ ਕਰੋ

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE
# GROCERY STORE

**3230 MITCHELL ROAD, STE, C, CERES, CA 95307**





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**
# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com

**PATTRON**: HARJIT BASI

**MANAGEMENT**



**PRESIDENT & CHIEF EDITOR**
**BOOTA SINGH BASI**

**SUB EDITOR (CHICAGO, IL OFFICE)**
**LOVJYOT VIRDI**

**GENERAL MANAGER**
**RAVINDER SINGH DHILLON**

**RESIDENT EDITOR (INDIA)**
**DR. RAJINDER RIKHI**

**DISCLAIMER**

**ਸਾਂਝੀ ਸੋਚ** ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

**SANJHI SOCH**

DAILY NEWSPAPER

2601 Oakdale Road, Suite H2-167 Modesto, CA 95355 USA

Cell: (209) 303-1260

Email: info@sanjhisoch.com

Visit at: www.sanjhisoch.com

# ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ 'ਚ ਫਸੇ ਰਹਿਣਗੇ



ਗੁਰਮੀਤ ਸਿੰਘ ਪਲਾਹੀ
98158-02070

ਕਿੰਨੀ ਦੇਰ ਤੱਕ ਪੰਜਾਬੀ ਸਿਆਸੀ ਭਰਮਜਾਲ ਦਾ ਸ਼ਿਕਾਰ ਹੁੰਦੇ ਰਹਿਣਗੇ? ਕਿੰਨੀ ਦੇਰ ਤੱਕ ਪੰਜਾਬੀ ਗੁਮਰਾਹ ਹੁੰਦੇ ਰਹਿਣਗੇ ਅਤੇ ਸੱਚ ਨੂੰ ਪਛਾਣਨ ਲਈ ਹੋਰ ਕਿੰਨੀ ਦੇਰ ਲਾਉਣਗੇ? ਪੰਜਾਬੀਆਂ 'ਤੇ ਹਮਲੇ ਸਿਆਸੀ ਵੀ ਹਨ, ਧਾਰਮਿਕ ਵੀ ਹਨ ਅਤੇ ਸੱਭਿਆਚਾਰਕ ਵੀ। ਉਹ ਦੇਸ਼ 'ਤੇ ਸਰਹੱਦੀ ਹਮਲਿਆਂ ਨੂੰ ਪਛਾੜਨ ਲਈ ਕਾਮਯਾਬ ਹਨ, ਉਹ ਦੇਸ਼ ਦੇ ਅੰਨ ਭੰਡਾਰ ਭਰਨ ਲਈ ਕਾਮਯਾਬ ਹਨ, ਉਹ ਦੇਸ਼ ਲਈ ਕੁਰਬਾਨੀਆਂ ਕਰਨ ਲਈ ਸਭ ਤੋਂ ਅੱਗੇ ਹਨ ਅਤੇ ਜਾਨਾਂ ਵਾਰਨ ਤੱਕ ਜਾਂਦੇ ਹਨ। ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਉਹ ਹਮੇਸ਼ਾ ਮੋਹਰੀ ਹੋ ਕੇ ਜੂਝਦੇ ਰਹੇ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਆਪਣੇ ਹਿੱਤਾਂ ਦੀ ਰਾਖੀ ਲਈ 'ਪਗੜੀ ਸੰਭਾਲ ਜੱਟਾ' ਵਰਗੇ ਇਤਿਹਾਸਕ ਮੋਰਚੇ ਲਾਉਣ ਵਾਲੀ ਇਹ ਅਣਖੀ ਕੌਮ ਹੁਣ ਉਸ ਵੇਲੇ ਆਨਾ-ਕਾਨੀ ਕਿਉਂ ਕਰ ਰਹੀ ਹੈ, ਜਦੋਂ ਉਨ੍ਹਾਂ ਦਾ ਪਾਣੀ ਲੁੱਟਿਆ ਜਾ ਰਿਹਾ ਹੈ, ਉਨ੍ਹਾਂ ਦੀ ਰਾਜਧਾਨੀ ਚੰਡੀਗੜ੍ਹ ਖੋਹੀ ਗਈ ਹੈ, ਉਨ੍ਹਾਂ ਦੀ ਮਾਂ-ਬੋਲੀ ਪੰਜਾਬੀ ਨੂੰ ਹਾਸ਼ੀਏ 'ਤੇ ਧੱਕ ਕੇ ਤਹਿਸ-ਨਹਿਸ ਕੀਤਾ ਜਾ ਰਿਹਾ ਹੈ, ਅਤੇ ਉਨ੍ਹਾਂ ਦਾ ਅਮੀਰ ਸੱਭਿਆਚਾਰ ਤਬਾਹ ਕੀਤਾ ਜਾ ਰਿਹਾ ਹੈ? ਉਨ੍ਹਾਂ 'ਤੇ ਚੌਤਰਫ਼ੇ ਧਾਰਮਿਕ ਹਮਲੇ ਹੋ ਰਹੇ ਹਨ, ਹਿੰਦੂ-ਸਿੱਖ ਦਾ ਰਵਾਇਤੀ ਪਾੜਾ ਪਾਉਣ ਦਾ ਕੋਝਾ ਯਤਨ ਹੋ ਰਿਹਾ ਹੈ, ਅਤੇ ਆਪਣੀ ਮਿਹਨਤ ਦੇ ਸਿਰ 'ਤੇ ਜਿਊਣ ਵਾਲੇ ਪੰਜਾਬੀਆਂ ਨੂੰ ਸਿਆਸੀ ਮੁਫ਼ਤਖੋਰੀ ਦੀਆਂ ਰੇਵੜੀਆਂ ਵੰਡ ਕੇ ਆਲਸੀ ਤੇ ਮੁਥਾਜ ਬਣਾਇਆ ਜਾ ਰਿਹਾ ਹੈ।

ਸਿਆਸੀ ਪਾਰਟੀਆਂ ਸੂਬੇ ਪੰਜਾਬ ਦੇ ਵਿਕਾਸ ਦੀ ਜ਼ੋਰ-ਸ਼ੋਰ ਨਾਲ ਦੁਹਾਈ ਦੇ ਰਹੀਆਂ ਹਨ। ਦੇਸ਼ ਦਾ ਪ੍ਰਧਾਨ ਮੰਤਰੀ ਆਖਦਾ ਹੈ ਕਿ ਭਾਜਪਾ ਹੀ ਪੰਜਾਬ ਦਾ ਅਸਲ ਵਿਕਾਸ ਕਰਵਾ ਸਕਦੀ ਹੈ। ਉਹ ਪੰਜਾਬ ਫੇਰੀ ਦੌਰਾਨ ਸੂਬੇ ਲਈ 5,470 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਦਾ ਹੈ ਅਤੇ ਇਸ ਵਿੱਚ 'ਡਬਲ ਇੰਜਣ' ਸਰਕਾਰ ਦੀ ਵਕਾਲਤ ਕਰਦਾ ਹੈ। ਪਰ ਉਹ ਪੰਜਾਬ ਦੇ ਸਭ ਤੋਂ ਵੱਡੇ ਮਸਲੇ, ਯਾਨੀ ਪਾਣੀਆਂ ਦੇ ਸੰਕਟ ਦੀ ਗੱਲ ਨਹੀਂ ਕਰਦਾ। ਉਹ ਬੰਜਰ ਹੋ ਰਹੀ ਪੰਜਾਬ ਦੀ ਉਪਜਾਊ ਧਰਤੀ ਬਾਰੇ ਇੱਕ ਅੱਖਰ ਵੀ ਨਹੀਂ ਬੋਲਦਾ। ਉਹ ਕਿਸਾਨਾਂ ਦੇ ਮਸਲਿਆਂ- ਜਿਵੇਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੇ ਹੱਲ ਲਈ ਕੋਈ ਗੱਲ ਨਹੀਂ ਕਰਦਾ। ਉਹ ਸਿਰਫ਼ ਅਕਾਲੀਆਂ, ਕਾਂਗਰਸੀਆਂ ਅਤੇ ਆਪ ਵਾਲਿਆਂ 'ਤੇ ਤਿੱਖੇ ਨਿਸ਼ਾਨੇ ਸਾਧਦਾ ਹੈ, ਸਿਆਸੀ ਸਟੇਜਾਂ 'ਤੇ ਬੱਲੇ-ਬੱਲੇ ਕਰਵਾਉਂਦਾ ਹੈ ਅਤੇ ਤੁਰਦਾ ਬਣਦਾ ਹੈ।

ਪ੍ਰਧਾਨ ਮੰਤਰੀ ਅਤੇ ਕੇਂਦਰੀ ਲੀਡਰਸ਼ਿਪ ਪੰਜਾਬੀ ਨੌਜਵਾਨਾਂ ਦੇ ਵੱਡੇ ਪੱਧਰ 'ਤੇ ਹੋ ਰਹੇ ਪ੍ਰਵਾਸ, ਨਸ਼ਿਆਂ ਦੇ ਗੰਭੀਰ ਗ੍ਰਸੇ ਜਾਣ ਅਤੇ ਪੰਜਾਬ ਦੀ ਸਿਰ ਚੜ੍ਹੇ ਲੱਖਾਂ ਕਰੋੜਾਂ ਦੇ ਆਰਥਿਕ ਕਰਜ਼ੇ ਦੀ ਸਥਿਤੀ ਦੀ ਕੋਈ ਗੱਲ ਨਹੀਂ ਕਰਦੀ। ਆਖਰ ਪੰਜਾਬੀਆਂ ਨੂੰ ਇਹਨਾਂ ਵੱਡੇ ਹਾਈਵੇਜ਼ ਦਾ ਕੀ ਲਾਭ, ਜੇ ਪੰਜਾਬ ਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਉਜਾੜ ਕੇ, ਉਨ੍ਹਾਂ ਦਾ ਸੀਨਾ ਪਾੜ ਕੇ ਕਾਰਪੋਰੇਟਾਂ ਦੇ ਹਿੱਤਾਂ ਲਈ ਇਹਨਾਂ ਸੜਕਾਂ ਨੂੰ ਉਸਾਰਿਆ ਜਾ ਰਿਹਾ ਹੈ? ਪੰਜਾਬੀਆਂ ਨੂੰ ਕੀ ਲਾਹਾ ਅਧੁਨਿਕ ਰੇਲਵੇ ਸਟੇਸ਼ਨਾਂ ਦਾ, ਜੇਕਰ ਉਨ੍ਹਾਂ ਦੇ ਆਪਣੇ ਪਿੰਡਾਂ ਜਾਂ ਸ਼ਹਿਰਾਂ ਦੀਆਂ ਸੰਪਰਕ ਸੜਕਾਂ ਟੁੱਟੀਆਂ-ਫੁੱਟੀਆਂ ਅਤੇ ਖ਼ਸਤਾਹਾਲ ਹਨ? ਆਖ਼ਰ ਉਸ ਆਮ ਨਾਗਰਿਕ ਨੂੰ ਉਸ ਉੱਪਰੋਂ-ਉੱਪਰੋਂ ਦਿਸਦੇ ਵਿਕਾਸ ਦਾ ਕੀ ਫਾਇਦਾ, ਜੇਕਰ ਉਸ ਨੂੰ ਰੁਜ਼ਗਾਰ ਨਹੀਂ ਮਿਲਦਾ, ਉਸ ਦੇ ਬੱਚੇ ਨੂੰ ਸਰਕਾਰੀ ਸਕੂਲਾਂ ਵਿੱਚ ਸਹੀ ਸਿੱਖਿਆ ਨਹੀਂ ਮਿਲਦੀ, ਅਤੇ ਬੁਨਿਆਦੀ ਸਿਹਤ ਸਹੂਲਤਾਂ ਉਸ ਦੇ ਪੱਲੇ ਨਹੀਂ ਪੈਂਦੀਆਂ?

ਜਦੋਂ ਇੱਕ ਆਮ ਪੰਜਾਬੀ ਇਹਨਾਂ ਬੁਨਿਆਦੀ ਸਹੂਲਤਾਂ ਦੀ ਪ੍ਰਾਪਤੀ ਲਈ ਆਪਣਾ ਝੱਗਾ-ਚੌੜ ਕਰਵਾਉਂਦਾ ਹੈ, ਆਪਣੀਆਂ ਬਚੀਆਂ-ਖੁਚੀਆਂ ਜ਼ਮੀਨਾਂ ਵੇਚਦਾ ਹੈ, ਘਰ ਗਿਰਵੀ ਰੱਖਦਾ ਹੈ ਅਤੇ ਬਾਅਦ ਵਿੱਚ ਕਰਜ਼ਾ ਨਾ ਚੁਕਾਉਣ ਦੀ ਸੂਰਤ ਵਿੱਚ ਛੱਤ ਦੇ ਸ਼ਤੀਰਾਂ ਜਾਂ ਪੱਖਿਆਂ ਨੂੰ ਜੱਫੇ ਪਾ ਕੇ ਖ਼ੁਦਕੁਸ਼ੀ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਗੱਲ ਇਕੱਲੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਨਹੀਂ ਹੈ, ਜਿਹੜੀ ਹਰ ਹਾਲ ਵਿੱਚ ਪੰਜਾਬ ਦੀ ਸੱਤਾ ਹਥਿਆਉਣਾ ਚਾਹੁੰਦੀ ਹੈ। ਕੇਂਦਰੀ ਹਾਕਮ ਹਰ ਹੀਲੇ ਪੰਜਾਬੀਆਂ ਦੀ ਖੇਤੀ ਅੰਦੋਲਨ ਵੇਲੇ ਦੀ ਇਤਿਹਾਸਕ ਪ੍ਰਾਪਤੀ ਦੀ ਹਉਮੈ ਨੂੰ ਭੰਨਣਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੇ ਕਾਂਗਰਸ ਦੀਆਂ ਨਾਕਾਮੀਆਂ ਤੋਂ ਨਾਰਾਜ਼ ਹੁੰਦਿਆਂ ਅਤੇ ਅਕਾਲੀ ਦਲ ਦੇ ਰਵਾਇਤੀ ਪਰਿਵਾਰਵਾਦ ਤੋਂ ਪਾਸਾ ਵੱਟਦਿਆਂ, ਇੱਕ ਵੱਡੇ ਜਜ਼ਬਾਤੀ ਰੌਂਅ ਵਿੱਚ ਆਮ ਆਦਮੀ ਪਾਰਟੀ ਨੂੰ ਆਪਣੇ ਸੀਨੇ ਨਾਲ ਲਾ ਲਿਆ ਸੀ। ਇਹ ਇਨਕਲਾਬੀ ਬਦਲ ਇਸ ਆਸ ਨਾਲ ਲਿਆਂਦਾ ਗਿਆ ਸੀ ਕਿ ਇਹ ਪਾਰਟੀ ਉਨ੍ਹਾਂ ਦੇ ਦੁਖੜਿਆਂ ਦਾ ਹੱਲ ਕਰੇਗੀ, ਉਨ੍ਹਾਂ ਦੇ ਬੱਚਿਆਂ ਨੂੰ ਸੂਬੇ ਵਿੱਚ ਹੀ ਰੁਜ਼ਗਾਰ ਮਿਲੇਗਾ ਤੇ ਸੁੱਖ ਦਾ ਸਾਹ ਆਏਗਾ, ਭ੍ਰਿਸ਼ਟਾਚਾਰ ਸੂਬੇ ਵਿੱਚੋਂ ਜੜ੍ਹੋਂ ਖ਼ਤਮ ਹੋਵੇਗਾ, ਨਸ਼ਿਆਂ ਦੇ ਵਪਾਰੀ ਜੇਲ੍ਹਾਂ ਵਿੱਚ ਹੋਣਗੇ, ਅਤੇ ਇੱਕ ਸਾਫ਼-ਸੁਥਰਾ ਤੇ ਪਾਰਦਰਸ਼ੀ ਪ੍ਰਸ਼ਾਸਨ ਮਿਲੇਗਾ।

ਪਰ ਅੱਜ ਪੰਜਾਬੀ ਇਹ ਸੋਚਣ 'ਤੇ ਮਜਬੂਰ ਹੋ ਗਏ ਹਨ ਕਿ ਬਦਲਾਅ ਦੇ ਨਾਂ 'ਤੇ ਉਨ੍ਹਾਂ ਦਾ ਤਾਂ ਕੁਝ ਹੋਰ ਵੀ ਬਹੁਤ ਕੁਝ ਗੁਆਚ ਗਿਆ ਹੈ। ਰਵਾਇਤੀ ਪਾਰਟੀਆਂ ਵਾਂਗ ਹੀ ਨਵੇਂ ਹਾਕਮ ਵੀ ਦਿੱਲੀ ਦੇ ਇਸ਼ਾਰਿਆਂ 'ਤੇ ਚੱਲ ਰਹੇ ਹਨ, ਜਿਸ ਕਾਰਨ ਸੂਬੇ ਦੇ ਆਪਣੇ ਫ਼ੈਸਲੇ ਲੈਣ ਦੀ ਤਾਕਤ ਕਮਜ਼ੋਰ ਹੋਈ ਹੈ। ਪੰਜਾਬ ਅਤੇ ਪੰਜਾਬੀ ਆਪਣੀ ਨੈਤਿਕਤਾ, ਸਦੀਆਂ ਪੁਰਾਣਾ ਭਾਈਚਾਰਾ, ਸਾਂਝੀਵਾਲਤਾ ਦੇ ਸਿਧਾਂਤ, ਅਤੇ ਆਪਸੀ ਸਹਿਯੋਗ ਨੂੰ ਬਰਕਰਾਰ ਰੱਖਣਗੇ-ਇਹੀ ਉਨ੍ਹਾਂ ਦੇ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਅਤੇ ਆਸ ਸੀ।

ਪੰਜਾਬ ਦੀ ਸਿਆਸਤ ਹਮੇਸ਼ਾ ਹੀ ਬਹੁਤ ਪੇਚੀਦਗੀ ਭਰਪੂਰ ਰਹੀ ਹੈ। ਪੰਜਾਬ ਨਾਲ ਸਦਾ ਦਿੱਲੀ ਦੇ ਸਿਆਸਤਦਾਨ ਗੰਧਲੀਆਂ ਖੇਡਾਂ ਖੇਡਦੇ ਰਹੇ ਹਨ। ਸੂਬੇ ਦੇ ਸਰੋਤਾਂ ਨੂੰ ਲੁੱਟਣ ਅਤੇ ਇੱਥੋਂ ਦੀ ਖੇਤਰੀ ਤਾਕਤ ਨੂੰ ਕਮਜ਼ੋਰ ਕਰਨ ਲਈ ਕੇਂਦਰੀ ਸਿਆਸਤ ਨੇ ਹਮੇਸ਼ਾ ਸਾਜ਼ਿਸ਼ਾਂ ਘੜੀਆਂ ਹਨ। ਪੰਜਾਬ ਉਨ੍ਹਾਂ ਖੇਡਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਮੌਜੂਦਾ ਦੌਰ ਵਿੱਚ ਵੀ ਹੋ ਰਿਹਾ ਹੈ। ਅਸੀਂ ਦੇਖਿਆ ਹੈ ਕਿ ਪੰਜਾਬ ਵਿੱਚ ਅੱਸੀ-ਨੱਬੇ ਦੇ ਦਹਾਕੇ ਦੀਆਂ ਗਰਮ ਲਹਿਰਾਂ ਦੌਰਾਨ ਹਜ਼ਾਰਾਂ ਨੌਜਵਾਨਾਂ ਦੇ ਫਰਜ਼ੀ ਮੁਕਾਬਲੇ ਹੋਏ- ਇਸ ਖ਼ੂਨੀ ਖੇਡ ਪਿੱਛੇ ਆਖਰ ਕਿਸ ਦਾ ਹੱਥ ਸੀ? ਪੰਜਾਬ ਵਿੱਚ ਨਸ਼ਿਆਂ ਦਾ ਛੇਵਾਂ ਦਰਿਆ ਵਗਾਇਆ ਗਿਆ, ਜਿਸ ਨੇ ਲੱਖਾਂ ਘਰਾਂ ਦੇ ਚਿਰਾਗ ਬੁਝਾ ਦਿੱਤੇ-ਕੌਣ ਹਨ ਇਸ ਦੇ ਅਸਲ ਸਰਪ੍ਰਸਤ? ਪੰਜਾਬ ਦੇ ਨੌਜਵਾਨਾਂ ਦੀ ਬੇਰੁਜ਼ਗਾਰੀ ਅਤੇ ਮਜਬੂਰਨ ਪ੍ਰਵਾਸ ਦਾ ਅਸਲ ਜ਼ਿੰਮੇਵਾਰ ਕੌਣ ਹੈ?

ਇਹਨਾਂ ਸਾਰੇ ਗੰਭੀਰ ਸਵਾਲਾਂ ਦੇ ਜਵਾਬ ਲੱਭਦਿਆਂ ਅਤੇ ਹੌਲੀ-ਹੌਲੀ ਜਾਗਰੂਕ ਹੁੰਦਿਆਂ, ਹੁਣ ਪੰਜਾਬੀ ਸਿਆਸੀ ਨੇਤਾਵਾਂ ਨਾਲ ਬੇਹੱਦ ਨਾਰਾਜ਼ ਹਨ, ਕਿਉਂਕਿ ਇਹ ਨੇਤਾ ਵੋਟਾਂ ਵੇਲੇ ਤਾਂ ਪੈਰਾਂ 'ਤੇ ਡਿੱਗਦੇ ਹਨ ਪਰ ਔਖੇ ਵੇਲਿਆਂ ਵਿੱਚ ਪੰਜਾਬ ਦੀ ਬਾਂਹ ਫੜਨ ਤੋਂ ਸਾਫ਼ ਮੁੱਕਰ ਜਾਂਦੇ ਹਨ।

ਜੇਕਰ ਪੰਜਾਬ ਦੀ ਜਨਸੰਖਿਆ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇੱਥੇ ਲਗਭਗ 58 ਫ਼ੀਸਦੀ ਸਿੱਖ ਆਬਾਦੀ ਹੈ, ਜਿਸ ਵਿੱਚੋਂ ਕਰੀਬ 60 ਫ਼ੀਸਦੀ ਜੱਟ ਸਿੱਖ ਹਨ। ਹਿੰਦੂ ਭਾਈਚਾਰੇ ਦੀ ਗਿਣਤੀ ਲਗਭਗ 40 ਫ਼ੀਸਦੀ ਹੈ। ਇਸ ਹਿੰਦੂ-ਸਿੱਖ ਆਬਾਦੀ ਦੇ ਅੰਦਰ ਹੀ ਲਗਭਗ 33 ਫ਼ੀਸਦੀ (ਭਾਵ ਤੀਜਾ ਹਿੱਸਾ) ਦਲਿਤ ਵੋਟ ਬੈਂਕ ਹੈ, ਜੋ ਕਿ ਪੂਰੇ ਦੇਸ਼ ਵਿੱਚ ਕਿਸੇ ਵੀ ਸੂਬੇ ਨਾਲੋਂ ਫ਼ੀਸਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਹੈ।

ਅੱਜ ਸਾਰੀਆਂ ਸਿਆਸੀ ਪਾਰਟੀਆਂ ਪੰਜਾਬੀਆਂ ਦੇ ਇਸ ਸਾਂਝੇ ਅਕਸ ਨੂੰ ਢਾਹ ਲਾ ਕੇ, ਉਨ੍ਹਾਂ ਨੂੰ ਧਰਮ ਅਤੇ ਜਾਤ ਦੇ ਨਾਂ 'ਤੇ ਵੰਡ ਕੇ ਵੋਟਾਂ ਹਥਿਆਉਣ ਦੇ ਸਸਤੇ ਚੱਕਰ ਵਿੱਚ ਹਨ। ਸਾਰੀਆਂ ਸਿਆਸੀ ਪਾਰਟੀਆਂ ਖ਼ਾਸ ਕਰਕੇ ਭਾਜਪਾ ਦਾ ਪੂਰਾ ਫੋਕਸ ਇਸ ਵੇਲੇ ਐੱਸ.ਸੀ. ਜਾਤੀ ਦੇ ਵੋਟ ਬੈਂਕ ਨੂੰ ਆਪਣੇ ਵੱਲ ਖਿੱਚਣ 'ਤੇ ਹੈ। ਦੋਆਬੇ ਦੇ ਚਾਰ ਪ੍ਰਮੁੱਖ ਜ਼ਿਲ੍ਹੇ- ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਅਤੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ)-ਵਿੱਚ ਦਲਿਤ ਵੋਟਰ ਹੀ ਸਾਰੀਆਂ ਸਿਆਸੀ ਪਾਰਟੀਆਂ ਦੀ ਹਾਰ-ਜਿੱਤ ਤੈਅ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੇਰਾ ਸੱਚਖੰਡ ਬੱਲਾਂ ਵਿਖੇ ਜਾਣਾ ਇਸੇ ਰਣਨੀਤੀ ਦਾ ਹਿੱਸਾ ਸੀ, ਤਾਂ ਜੋ ਦੋਆਬੇ ਦੇ ਇਸ ਪ੍ਰਭਾਵਸ਼ਾਲੀ ਵੋਟ ਬੈਂਕ ਨੂੰ ਭਾਜਪਾ ਦੇ ਪੱਖ ਵਿੱਚ ਭੁਗਤਾਇਆ ਜਾ ਸਕੇ। ਉਨ੍ਹਾਂ ਨੇ ਡੇਰੇ ਦੇ ਸੰਤ ਨਿਰੰਜਨ ਦਾਸ ਨੂੰ ਵਿਸ਼ੇਸ਼ ਅਹਿਮੀਅਤ ਦੇ ਕੇ ਇਹ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਉਹ ਹੁਣ ਡੇਰਾਵਾਦ ਦੇ ਸਹਾਰੇ ਪੰਜਾਬ ਦੀ ਸਿਆਸਤ ਵਿੱਚ ਪੈਰ ਜਮਾਉਣਾ ਚਾਹੁੰਦੇ ਹਨ।

ਇਤਿਹਾਸਕ ਤੌਰ 'ਤੇ ਪੰਜਾਬ ਦੀ ਦਲਿਤ ਵੋਟ ਜ਼ਿਆਦਾਤਰ ਕਾਂਗਰਸ ਦੇ ਪੱਖ ਵਿੱਚ ਭੁਗਤਦੀ ਰਹੀ ਹੈ, ਖਾਸ ਕਰਕੇ ਦੋਆਬੇ ਦੇ ਇਲਾਕੇ ਵਿੱਚ। ਪਰ ਪਿਛਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਇਸ ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲਾਈ ਅਤੇ ਇੱਥੇ ਆਪਣਾ ਸਿਆਸੀ ਆਧਾਰ ਮਜ਼ਬੂਤ ਕੀਤਾ। ਦੂਜੇ ਪਾਸੇ, ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਦਾ ਗੱਠਜੋੜ ਵੀ ਇਸੇ ਵੋਟ ਨੂੰ ਹਾਸਲ ਕਰਨ ਲਈ ਹੱਥ-ਪੈਰ ਮਾਰਦਾ ਰਿਹਾ ਹੈ। ਉਂਜ, ਪੰਜਾਬ ਦੀ ਐੱਸ.ਸੀ. ਆਬਾਦੀ ਅਕਾਲੀਆਂ, ਗਰਮਖਿਆਲੀਆਂ, ਅਤੇ ਕਾਂਗਰਸ ਦੇ ਖੇਮਿਆਂ ਵਿੱਚ ਵੰਡੀ ਹੋਈ ਹੈ। ਜੇ ਗਣਿਤ ਸਮਝੀਏ ਤਾਂ ਦਲਿਤਾਂ ਦੀ ਕੁੱਲ 33 ਫ਼ੀਸਦੀ ਵੋਟ ਵਿੱਚੋਂ, ਸਿੱਖ ਦਲਿਤਾਂ ਦੀ ਹਿੱਸੇਦਾਰੀ ਬਹੁਤ ਵੱਡੀ ਹੈ, ਜੋ ਕਿ ਸਿਆਸਤ ਦਾ ਰੁਖ਼ ਬਦਲਣ ਦੇ ਸਮਰੱਥ ਹੈ।

ਸਿਆਸੀ ਪਾਰਟੀਆਂ, ਖ਼ਾਸ ਕਰਕੇ ਭਾਜਪਾ ਵੱਲੋਂ ਪੰਜਾਬੀਆਂ ਨੂੰ ਪਹਿਲਾਂ ਧਰਮ ਦੇ ਨਾਂ 'ਤੇ ਵੰਡਣਾ ਅਤੇ ਫਿਰ ਜਾਤ-ਪਾਤ ਦੀ ਵਰਗ-ਵੰਡ ਕਰਨਾ ਸੂਬੇ ਦੇ ਸਮਾਜਿਕ ਤਾਣੇ-ਬਾਣੇ ਲਈ ਬਹੁਤ ਘਾਤਕ ਸਿੱਧ ਹੋ ਰਿਹਾ ਹੈ। ਪਰ ਦੁਖਾਂਤ ਇਹ ਹੈ ਕਿ ਪੰਜਾਬੀਆਂ ਉੱਤੇ ਇਸ ਸਿਆਸੀ ਧਰੁਵੀਕਰਨ ਦਾ ਅਸਰ ਹੁਣ ਸਾਫ਼ ਦਿਖਣ ਲੱਗ ਪਿਆ ਹੈ। ਜੇਕਰ ਅਸੀਂ ਚੋਣ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਸਿਰਫ਼ 6.6 ਫ਼ੀਸਦੀ ਵੋਟਾਂ ਮਿਲੀਆਂ ਸਨ। ਲੇਕਿਨ 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਅਕਾਲੀ ਦਲ ਤੋਂ ਵੱਖ ਹੋ ਕੇ ਇਕੱਲਿਆਂ ਲੜਨ ਦੇ ਬਾਵਜੂਦ, ਭਾਜਪਾ ਦਾ ਵੋਟ ਬੈਂਕ ਉਛਾਲ ਮਾਰ ਕੇ 18.65 ਫ਼ੀਸਦੀ ਤੱਕ ਪਹੁੰਚ ਗਿਆ। ਭਾਵੇਂ ਉਹ ਸੀਟਾਂ ਜ਼ਿਆਦਾ ਨਹੀਂ ਜਿੱਤ ਸਕੀ, ਪਰ ਸ਼ਹਿਰੀ ਹਿੰਦੂ ਖੇਤਰਾਂ ਵਿੱਚ ਉਸ ਨੇ ਵੱਡੀ ਲੀਡ ਹਾਸਲ ਕੀਤੀ।

ਦੂਜੇ ਪਾਸੇ ਕਾਂਗਰਸ ਅਤੇ 'ਆਪ' ਨੂੰ ਲਗਭਗ 26-26 ਫ਼ੀਸਦੀ ਵੋਟਾਂ ਮਿਲੀਆਂ, ਜਦਕਿ ਸ਼੍ਰੋਮਣੀ ਅਕਾਲੀ ਦਲ ਸੁੰਗੜ ਕੇ 13.68 ਫ਼ੀਸਦੀ 'ਤੇ ਆ ਗਿਆ। ਇਸ ਦੇ ਨਾਲ ਹੀ, ਗਰਮਖਿਆਲੀ ਅਤੇ ਆਜ਼ਾਦ ਉਮੀਦਵਾਰਾਂ ਦੇ ਪੱਲੇ ਕੱਟੜ ਸਿੱਖ ਭਾਵਨਾਵਾਂ ਦੀਆਂ ਵੋਟਾਂ ਪਈਆਂ।

ਹੁਣ ਭਾਜਪਾ ਦੀ ਰਣਨੀਤੀ ਇਹ ਹੈ ਕਿ ਜੇਕਰ ਉਹ ਸੂਬੇ ਦੇ 40 ਫ਼ੀਸਦੀ ਹਿੰਦੂਆਂ ਵਿੱਚੋਂ 30 ਫ਼ੀਸਦੀ ਵੋਟਾਂ ਨੂੰ ਆਪਣੇ ਹੱਕ ਵਿੱਚ ਪੱਕਾ ਕਰ ਲਵੇ, ਅਤੇ ਨਾਲ ਹੀ ਵੱਖ-ਵੱਖ ਡੇਰਿਆਂ ਦੇ ਪ੍ਰਭਾਵ ਸਦਕਾ 10 ਤੋਂ 12 ਫ਼ੀਸਦੀ ਦਲਿਤ ਵੋਟ ਹਾਸਲ ਕਰ ਲਵੇ, ਤਾਂ ਉਹ ਹਿੰਦੂ-ਬਹੁਗਿਣਤੀ ਵਾਲੇ 55 ਵਿਧਾਨ ਸਭਾ ਚੋਣ ਖੇਤਰਾਂ ਵਿੱਚ ਇੱਕ ਮਜ਼ਬੂਤ ਸਿਆਸੀ ਸ਼ਕਤੀ ਬਣ ਕੇ ਉੱਭਰ ਸਕਦੀ ਹੈ। ਇਹ ਖੇਡ ਪੰਜਾਬ ਦੇ ਉੱਜਵਲ ਭਵਿੱਖ ਲਈ ਨਹੀਂ, ਸਗੋਂ ਸੱਤਾ ਹਥਿਆਉਣ ਲਈ ਖੇਡੀ ਜਾ ਰਹੀ ਹੈ।

ਪੰਜਾਬ ਸ਼ੁਰੂ ਤੋਂ ਹੀ ਦੇਸ਼ ਅੰਦਰ ਫੈਡਰਲਿਜ਼ਮ ਯਾਨੀ ਸੂਬਿਆਂ ਦੇ ਵੱਧ ਅਧਿਕਾਰਾਂ ਦਾ ਪਹਿਰੇਦਾਰ ਰਿਹਾ ਹੈ। ਪ੍ਰੰਤੂ ਅਜੋਕੇ ਸਮੇਂ ਕੇਂਦਰ ਸਰਕਾਰ ਵੱਲੋਂ ਸੂਬੇ ਦੇ ਅਧਿਕਾਰਾਂ 'ਤੇ ਲਗਾਤਾਰ ਡਾਕੇ ਮਾਰੇ ਜਾ ਰਹੇ ਹਨ। ਪੰਜਾਬ ਦੇ ਪੇਂਡੂ ਵਿਕਾਸ ਫੰਡ ਨੂੰ ਰੋਕਣਾ, ਬੀ.ਐੱਸ.ਐੱਫ. ਦਾ ਅਧਿਕਾਰ ਖੇਤਰ ਸਰਹੱਦ ਤੋਂ 50 ਕਿਲੋਮੀਟਰ ਤੱਕ ਵਧਾ ਕੇ ਸੂਬੇ ਦੀ ਕਾਨੂੰਨ ਵਿਵਸਥਾ ਵਿੱਚ ਦਖ਼ਲ ਦੇਣਾ, ਅਤੇ ਪੰਜਾਬ ਦੇ ਕੋਲੇ ਦੇ ਕੋਟੇ 'ਤੇ ਸ਼ਰਤਾਂ ਲਾਉਣੀਆਂ-ਇਹ ਸਭ ਇਸ ਗੱਲ ਦਾ ਪ੍ਰਮਾਣ ਹਨ ਕਿ ਪੰਜਾਬ ਨੂੰ ਆਰਥਿਕ ਤੌਰ 'ਤੇ ਕੰਗਾਲ ਕਰਕੇ ਗੋਡਿਆਂ ਭਾਰ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬੀ ਹਮੇਸ਼ਾ ਦੇਸ਼ ਦੇ ਅੰਨਦਾਤਾ ਰਹੇ ਹਨ, ਪਰ ਅੱਜ ਉਨ੍ਹਾਂ ਨੂੰ ਆਪਣੀ ਹੀ ਫ਼ਸਲ ਦੀ ਕੀਮਤ ਮੰਗਣ ਲਈ ਦਿੱਲੀ ਦੀਆਂ ਸਰਹੱਦਾਂ 'ਤੇ ਕੀਲੀਆਂ ਵਾਲੀਆਂ ਤਾਰਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਿਆਸੀ ਪਾਰਟੀਆਂ ਇਹਨਾਂ ਗੰਭੀਰ ਮਸਲਿਆਂ 'ਤੇ ਲੜਨ ਦੀ ਬਜਾਏ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਵਿੱਚ ਮਸਰੂਫ਼ ਹਨ, ਜਿਸ ਕਾਰਨ ਆਮ ਪੰਜਾਬੀ ਖ਼ੁਦ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ।

ਕੀ ਪੰਜਾਬੀ ਆਪਣੀ ਜਨਸੰਖਿਆ ਦੇ ਸਰੂਪਾਂ ਨੂੰ ਧਰਮ ਅਤੇ ਜਾਤ ਦੀ ਵੰਡ ਦੇ ਕੋਝੇ ਪੇਚੇ ਪਾ ਕੇ ਆਪਣੇ ਉਸ ਸ਼ਾਨਦਾਰ ਇਤਿਹਾਸ ਨੂੰ ਖ਼ਰਾਬ ਕਰ ਲੈਣਗੇ, ਜਿਹੜੀ ਉਨ੍ਹਾਂ ਨੇ ਲੰਮੇ ਸੰਘਰਸ਼ਾਂ ਵਿੱਚੋਂ ਸਾਂਝੀਵਾਲਤਾ ਦੇ ਸੰਦੇਸ਼ ਰਾਹੀਂ ਪ੍ਰਾਪਤ ਕੀਤੀ ਹੈ? ਕੀ ਪੰਜਾਬ ਵਿੱਚ ਹਿੰਦੂ-ਸਿੱਖ ਦੀ ਵੰਡ ਅਤੇ ਧਰੁਵੀਕਰਨ ਪੰਜਾਬ ਦੇ ਹਿਤ ਵਿੱਚ ਹੈ? ਬਿਲਕੁਲ ਨਹੀਂ। ਜਿਸ ਪੋਲਰਾਈਜ਼ੇਸ਼ਨ ਵਾਸਤੇ ਕੇਂਦਰੀ ਅਤੇ ਸਥਾਨਕ ਸਿਆਸੀ ਧਿਰਾਂ ਆਪਣਾ ਪੂਰਾ ਤਾਣ ਲਾ ਰਹੀਆਂ ਹਨ, ਜੇਕਰ ਉਹ ਕਾਮਯਾਬ ਹੋ ਗਈਆਂ, ਤਾਂ ਇਹ ਪੰਜਾਬੀ ਦੀ ਸੂਝਵਾਨ ਸੋਚ ਉੱਤੇ ਇੱਕ ਵੱਡਾ ਕਲੰਕ ਹੋਵੇਗਾ। ਇਹ ਵੰਡ ਪੰਜਾਬੀ ਸੱਭਿਆਚਾਰ, ਪੰਜਾਬੀਅਤ ਦੀ ਰੂਹ ਅਤੇ ਪੰਜਾਬ ਦੇ ਹਿਤਾਂ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦੇਵੇਗੀ।

ਹੁਣ ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਬੇਹੱਦ ਦਿਲਚਸਪ ਅਤੇ ਅਹਿਮ ਹੋਵੇਗਾ ਕਿ ਕੀ ਪੰਜਾਬੀ ਆਪਣੇ ਨਿਡਰ ਸਰੂਪ, ਜਾਗਰੂਕ ਜ਼ਮੀਰ ਅਤੇ ਦੂਰਅੰਦੇਸ਼ੀ ਸੋਚ ਨੂੰ ਕਾਇਮ ਰੱਖਦੇ ਹਨ? ਕੀ ਉਹ ਪੰਜਾਬ ਦੇ ਹੱਕਾਂ, ਵੱਧ ਸੂਬਾਈ ਅਧਿਕਾਰਾਂ ਦੀ ਰਾਖੀ ਕਰਨ ਵਾਲਿਆਂ, ਮਨੁੱਖੀ ਅਧਿਕਾਰਾਂ ਦੇ ਸੱਚੇ ਪਹਿਰੇਦਾਰਾਂ, ਸਾਂਝੀਵਾਲਤਾ ਦੇ ਹਿਤੈਸ਼ੀਆਂ ਅਤੇ ਪੰਜਾਬ ਦੇ ਅਸਲ ਮਸਲਿਆਂ ਦਾ ਹੱਲ ਕਰਨ ਵਾਲਿਆਂ ਦਾ ਸਾਥ ਦਿੰਦੇ ਹਨ? ਜਾਂ ਫਿਰ ਉਹ ਕਾਰਪੋਰੇਟਾਂ ਦੇ ਉਹਨਾਂ ਸੌਦਾਗਰਾਂ ਅਤੇ ਵੱਡੇ-ਵੱਡੇ ਦਿਖਾਵਟੀ ਵਿਕਾਸ ਕਾਰਜਾਂ ਦੇ ਝੂਠੇ ਜਾਲ ਵਿੱਚ ਫਸਦੇ ਹਨ, ਜਿਹੜੇ ਦੇਸ਼ ਦੇ ਜਮਹੂਰੀ ਸੰਵਿਧਾਨ ਨੂੰ ਬਦਲ ਕੇ ਇਸ ਦਾ ਚਿਹਰਾ-ਮੋਹਰਾ ਹੀ ਵਿਗਾੜਨਾ ਚਾਹੁੰਦੇ ਹਨ।

ਪੰਜਾਬ ਅਤੇ ਇੱਥੋਂ ਦੇ ਵਸਨੀਕ ਭਾਵੇਂ ਕੁਝ ਸਮੇਂ ਲਈ ਜਜ਼ਬਾਤੀ ਹੋ ਕੇ ਸਿਆਸੀ ਗੁੰਮਰਾਹਕੁਨ ਪ੍ਰਚਾਰ ਦਾ ਸ਼ਿਕਾਰ ਹੋ ਸਕਦੇ ਹਨ, ਪਰ ਇਤਿਹਾਸ ਗਵਾਹ ਹੈ ਕਿ ਜਦੋਂ ਵੀ ਪੰਜਾਬ ਦੀ ਧਰਤੀ, ਇਸ ਦੀ ਮਾਂ-ਬੋਲੀ, ਸੱਭਿਆਚਾਰ ਅਤੇ ਅਣਖ 'ਤੇ ਵਾਰ ਹੋਇਆ ਹੈ, ਉਨ੍ਹਾਂ ਨੇ ਹਮੇਸ਼ਾ ਸਿਆਸੀ ਭਰਮਜਾਲ ਨੂੰ ਤੋੜ ਕੇ ਸੰਘਰਸ਼ਾਂ ਨੂੰ ਤਰਜੀਹ ਦਿੱਤੀ ਹੈ। ਪੰਜਾਬੀ ਹਮੇਸ਼ਾ ਜ਼ੁਲਮ ਅਤੇ ਹਾਕਮਾਂ ਦੇ ਦਾਬੇ ਵਿਰੁੱਧ ਹਿੱਕ ਤਾਣ ਕੇ ਖੜ੍ਹੇ ਹੋਏ ਹਨ। ਭਾਵੇਂ ਉਹ 1975 ਦੀ ਦੇਸ਼ ਵਿਆਪੀ ਐਮਰਜੈਂਸੀ ਦਾ ਦੌਰ ਹੋਵੇ, ਜਾਂ ਦਿੱਲੀ ਦੀਆਂ ਬਰੂਹਾਂ 'ਤੇ ਲੜਿਆ ਗਿਆ ਕਾਲੇ ਖੇਤੀ ਕਾਨੂੰਨਾਂ ਦਾ ਇਤਿਹਾਸਕ ਅੰਦੋਲਨ-ਪੰਜਾਬੀਆਂ ਲਈ ਹਮੇਸ਼ਾ ਨੈਤਿਕ ਕਦਰਾਂ-ਕੀਮਤਾਂ ਕਾਇਮ ਰੱਖੀਆਂ ਹਨ।

ਉਹ ਆਪਣੇ ਹੱਕਾਂ ਲਈ ਮਰ-ਮਿਟਣ ਵਾਸਤੇ ਪੂਰੀ ਦੁਨੀਆ ਵਿੱਚ ਜਾਣੇ ਜਾਂਦੇ ਹਨ। ਪੰਜਾਬ ਦੇ ਲੋਕਾਂ ਨੇ ਬਹੁਤ ਔਖੇ ਅਤੇ ਕਾਲੇ ਸਮਿਆਂ ਵਿੱਚ ਵੀ ਆਪਣੇ ਹਿੰਦੂ-ਸਿੱਖ ਭਾਈਚਾਰੇ ਦੀ ਸਾਂਝ ਨੂੰ ਟੁੱਟਣ ਨਹੀਂ ਦਿੱਤਾ। ਅੱਜ ਫਿਰ ਲੋੜ ਹੈ ਕਿ ਉਹ ਪੰਜਾਬੀ ਸਿਆਸਤਦਾਨਾਂ ਦੇ ਧਰਮ ਅਤੇ ਜਾਤ ਦੇ ਪਾਏ ਜਾ ਰਹੇ ਭਰਮਜਾਲ ਵਿੱਚੋਂ ਬਾਹਰ ਨਿਕਲਣ, ਆਪਣੀ ਹੋਸ਼ ਸੰਭਾਲਣ, ਅਤੇ ਪੰਜਾਬ ਦੇ ਉੱਜਵਲ, ਸਾਂਝੇ ਤੇ ਸੁਨਹਿਰੀ ਭਵਿੱਖ ਲਈ ਇੱਕਜੁੱਟ ਹੋ ਕੇ ਆਪਣੇ ਅੰਦਰਲੇ ਅਸਲ ਪੰਜਾਬੀ ਅਤੇ ਨੈਤਿਕ ਆਦਰਸ਼ਾਂ 'ਤੇ ਪਹਿਰਾ ਦੇਣ।

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com **ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ** 1310 AM **ਸ਼ਾਮ** 3.35 **ਤੋਂ** 3.55 **ਪੰਜਾਬੀ ਵਿੱਚ** 4.35 **ਤੋਂ** 4.55 **ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।**

**Contact:(408) 687-1899, (925) 587-1148**


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਅਮਰੀਕਾ ਵਿੱਚ ਘੜੀਆਂ ਬਦਲਣ ਦੀ ਪ੍ਰਥਾ ਹੋ ਸਕਦੀ ਹੈ ਖ਼ਤਮ, ਬਿੱਲ ਸੰਸਦ ਦੇ ਹੇਠਲੇ ਸਦਨ ਤੋਂ ਪਾਸ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਨੇ ਇੱਕ ਮਹੱਤਵਪੂਰਨ ਬਿੱਲ ਪਾਸ ਕਰ ਦਿੱਤਾ ਹੈ, ਜਿਸ ਨਾਲ ਪੂਰੇ ਸਾਲ ਡੇਲਾਈਟ ਸੇਵਿੰਗ ਟਾਈਮ ਲਾਗੂ ਰਹਿ ਸਕਦਾ ਹੈ। ਇਸ ਨਾਲ ਸਾਲ ਵਿੱਚ ਦੋ ਵਾਰ ਘੜੀਆਂ ਇੱਕ ਘੰਟਾ ਅੱਗੇ ਜਾਂ ਪਿੱਛੇ ਕਰਨ ਦੀ ਲੋੜ ਖ਼ਤਮ ਹੋ ਜਾਵੇਗੀ। "ਸਨਸ਼ਾਈਨ ਪ੍ਰੋਟੈਕਸ਼ਨ ਐਕਟ" ਨਾਂ ਦਾ ਇਹ ਬਿੱਲ 14 ਜੁਲਾਈ 2026 ਨੂੰ 308 ਵੋਟਾਂ ਦੇ ਹੱਕ ਅਤੇ 117 ਵੋਟਾਂ ਦੇ ਵਿਰੋਧ ਨਾਲ ਪਾਸ ਹੋਇਆ। ਇਸ ਨੂੰ ਰਿਪਬਲਿਕਨ ਅਤੇ ਡੈਮੋਕ੍ਰੇਟ ਦੋਵਾਂ ਪਾਰਟੀਆਂ ਦੇ ਕਈ ਮੈਂਬਰਾਂ ਨੇ ਸਮਰਥਨ ਦਿੱਤਾ।ਪਰ ਇਹ ਬਿੱਲ ਅਜੇ ਕਾਨੂੰਨ ਨਹੀਂ ਬਣਿਆ। ਹੁਣ ਇਸ ਨੂੰ ਅਮਰੀਕੀ ਸੈਨੇਟ ਵਿੱਚ ਪਾਸ ਹੋਣਾ ਜ਼ਰੂਰੀ ਹੈ। ਇਸ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦਸਤਖ਼ਤ ਹੋਣਗੇ। ਉਸ ਤੋਂ ਬਾਅਦ ਹੀ ਨਵਾਂ ਸਮਾਂ ਪੱਕੇ ਤੌਰ 'ਤੇ ਲਾਗੂ ਹੋਵੇਗਾ।ਇਸ ਵੇਲੇ ਕੈਲੀਫੋਰਨੀਆ ਸਮੇਤ ਅਮਰੀਕਾ ਦੇ ਜ਼ਿਆਦਾਤਰ ਸੂਬਿਆਂ ਵਿੱਚ ਮਾਰਚ ਮਹੀਨੇ ਘੜੀਆਂ ਇੱਕ ਘੰਟਾ ਅੱਗੇ ਕੀਤੀਆਂ ਜਾਂਦੀਆਂ ਹਨ ਅਤੇ ਨਵੰਬਰ ਵਿੱਚ ਇੱਕ ਘੰਟਾ ਪਿੱਛੇ ਕੀਤੀਆਂ ਜਾਂਦੀਆਂ ਹਨ। ਬਿੱਲ ਕਾਨੂੰਨ ਬਣ ਗਿਆ ਤਾਂ ਘੜੀਆਂ ਨੂੰ ਨਵੰਬਰ ਵਿੱਚ ਪਿੱਛੇ ਨਹੀਂ ਕਰਨਾ ਪਵੇਗਾ ਅਤੇ ਸ਼ਾਮ ਨੂੰ ਇੱਕ ਘੰਟਾ ਵੱਧ ਰੌਸ਼ਨੀ ਰਹੇਗੀ।ਇਸ ਦਾ ਮਤਲਬ ਇਹ ਵੀ ਹੋਵੇਗਾ ਕਿ ਸਰਦੀਆਂ ਵਿੱਚ ਸਵੇਰ ਦੇ




ਸਮੇਂ ਸੂਰਜ ਹੁਣ ਨਾਲੋਂ ਦੇਰ ਨਾਲ ਚੜ੍ਹੇਗਾ। ਕਈ ਇਲਾਕਿਆਂ ਵਿੱਚ ਬੱਚਿਆਂ ਨੂੰ ਸਕੂਲ ਜਾਂ ਵੱਡਿਆਂ ਨੂੰ ਕੰਮ 'ਤੇ ਜਾਂਦੇ ਸਮੇਂ ਹਨੇਰਾ ਹੋ ਸਕਦਾ ਹੈ।ਬਿੱਲ ਦੇ ਹਮਾਇਤੀਆਂ ਦਾ ਕਹਿਣਾ ਹੈ ਕਿ ਲੋਕ ਸਾਲ ਵਿੱਚ ਦੋ ਵਾਰ ਘੜੀਆਂ ਬਦਲਣ ਤੋਂ ਤੰਗ ਆ ਚੁੱਕੇ ਹਨ। ਉਨ੍ਹਾਂ ਅਨੁਸਾਰ ਸ਼ਾਮ ਨੂੰ ਵੱਧ ਰੌਸ਼ਨੀ ਮਿਲਣ ਨਾਲ ਲੋਕ ਬਾਹਰ ਵੱਧ ਸਮਾਂ ਬਿਤਾਉਣਗੇ, ਕਾਰੋਬਾਰ ਨੂੰ ਲਾਭ ਹੋ ਸਕਦਾ ਹੈ ਅਤੇ ਕੁਝ ਸੜਕ ਹਾਦਸੇ ਅਤੇ ਅਪਰਾਧ ਵੀ ਘਟ ਸਕਦੇ ਹਨ।ਦੂਜੇ ਪਾਸੇ ਨੀਂਦ ਅਤੇ ਸਿਹਤ ਨਾਲ ਜੁੜੇ ਕੁਝ ਮਾਹਿਰ ਸਥਾਈ ਡੇਲਾਈਟ ਸੇਵਿੰਗ ਟਾਈਮ ਦੇ ਹੱਕ ਵਿੱਚ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਟੈਂਡਰਡ ਟਾਈਮ ਮਨੁੱਖੀ ਸਰੀਰ ਦੀ ਕੁਦਰਤੀ ਨੀਂਦ ਅਤੇ ਜਾਗਣ ਦੀ ਘੜੀ ਨਾਲ ਵੱਧ ਮੇਲ ਖਾਂਦਾ ਹੈ।ਅਮਰੀਕਾ ਨੇ 1974 ਵਿੱਚ ਵੀ ਪੂਰੇ ਸਾਲ ਡੇਲਾਈਟ ਸੇਵਿੰਗ ਟਾਈਮ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਸਰਦੀਆਂ ਦੀਆਂ ਹਨੇਰੀਆਂ ਸਵੇਰਾਂ ਕਾਰਨ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਕੁਝ ਮਹੀਨਿਆਂ ਬਾਅਦ ਫੈਸਲਾ ਵਾਪਸ ਲੈਣਾ ਪਿਆ ਸੀ।ਹਵਾਈ ਅਤੇ ਐਰੀਜ਼ੋਨਾ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਪਹਿਲਾਂ ਹੀ ਡੇਲਾਈਟ ਸੇਵਿੰਗ ਟਾਈਮ ਲਾਗੂ ਨਹੀਂ ਹੁੰਦਾ। ਬਿੱਲ ਵਿੱਚ ਮੌਜੂਦਾ ਛੋਟ ਵਾਲੇ ਇਲਾਕਿਆਂ ਲਈ ਸਟੈਂਡਰਡ ਟਾਈਮ ਜਾਰੀ ਰੱਖਣ ਦਾ ਪ੍ਰਬੰਧ ਮੌਜੂਦ ਹੈ।ਕੈਲੀਫੋਰਨੀਆ ਦੇ ਲੋਕਾਂ ਲਈ ਫਿਲਹਾਲ ਕੋਈ ਸਮਾਂ ਤਬਦੀਲੀ ਨਹੀਂ ਹੋਈ। ਜਦੋਂ ਤੱਕ ਸੈਨੇਟ ਬਿੱਲ ਪਾਸ ਨਹੀਂ ਕਰਦੀ ਅਤੇ ਰਾਸ਼ਟਰਪਤੀ ਦਸਤਖ਼ਤ ਨਹੀਂ ਕਰਦੇ, ਮੌਜੂਦਾ ਨਿਯਮ ਅਨੁਸਾਰ ਘੜੀਆਂ ਮਾਰਚ ਅਤੇ ਨਵੰਬਰ ਵਿੱਚ ਬਦਲਦੀਆਂ ਰਹਿਣਗੀਆਂ।

# ਅਮਰੀਕਾ ਵਿੱਚ ਟੈਰਿਫ ਰਿਬੇਟ ਚੈਕ ਦਾ ਪ੍ਰਸਤਾਵ: ਕੀ ਵਿਆਹੇ ਜੋੜਿਆਂ ਨੂੰ ਮਿਲਣਗੇ $1,200 ਅਤੇ ਹਰ ਬੱਚੇ ਲਈ $600?

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਸੈਨੇਟ ਵਿੱਚ ਇੱਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਤਹਿਤ ਟੈਰਿਫ (ਆਯਾਤ ਸ਼ੁਲਕ) ਕਾਰਨ ਵਧੀਆਂ ਕੀਮਤਾਂ ਦਾ ਬੋਝ ਘਟਾਉਣ ਲਈ ਯੋਗ ਪਰਿਵਾਰਾਂ ਨੂੰ ਨਕਦ ਰਿਬੇਟ ਦੇਣ ਦੀ ਤਜਵੀਜ਼ ਰੱਖੀ ਗਈ ਹੈ। ਇਸ ਪ੍ਰਸਤਾਵ ਅਨੁਸਾਰ, ਸਾਲਾਨਾ $180,000 ਤੋਂ ਘੱਟ ਆਮਦਨ ਵਾਲੇ ਵਿਆਹੇ ਜੋੜਿਆਂ ਨੂੰ $1,200 ਅਤੇ ਹਰ ਨਿਰਭਰ (ਧਏਪਏਨਦਏਨਟ) ਬੱਚੇ ਲਈ $600 ਦੀ ਵਾਧੂ ਰਕਮ ਦਿੱਤੀ ਜਾ ਸਕਦੀ ਹੈ।ਇਹ ਬਿੱਲ ਡੈਮੋਕ੍ਰੈਟਿਕ ਸੈਨੇਟਰ ਮਾਰਟਿਨ ਹੇਨਰਿਚ ਵੱਲੋਂ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਅਮਰੀਕਾ ਵਿਦੇਸ਼ੀ ਸਮਾਨ 'ਤੇ ਟੈਰਿਫ ਲਗਾਉਂਦਾ ਹੈ ਤਾਂ ਆਖ਼ਰਕਾਰ ਇਸ ਦਾ ਬੋਝ ਆਮ ਖਪਤਕਾਰਾਂ 'ਤੇ ਪੈਂਦਾ ਹੈ, ਕਿਉਂਕਿ ਬਹੁਤ ਸਾਰੀਆਂ ਵਸਤੂਆਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ। ਇਸ ਲਈ ਟੈਰਿਫ ਤੋਂ ਇਕੱਠੀ ਹੋਣ ਵਾਲੀ ਆਮਦਨ ਦਾ ਕੁਝ ਹਿੱਸਾ ਲੋਕਾਂ ਨੂੰ ਵਾਪਸ ਕੀਤਾ ਜਾਣਾ ਚਾਹੀਦਾ ਹੈ। ਜੇਕਰ ਇਹ ਪ੍ਰਸਤਾਵ ਮੌਜੂਦਾ ਰੂਪ ਵਿੱਚ ਕਾਨੂੰਨ ਬਣ ਜਾਂਦਾ ਹੈ ਤਾਂ ਚਾਰ ਮੈਂਬਰਾਂ ਵਾਲੇ ਪਰਿਵਾਰ ਨੂੰ $1,200 ਦੇ ਨਾਲ ਦੋ ਬੱਚਿਆਂ ਲਈ $1,200 ਹੋਰ ਮਿਲ ਸਕਦੇ ਹਨ, ਜਿਸ ਨਾਲ ਕੁੱਲ ਰਕਮ $2,400 ਬਣੇਗੀ। ਹਾਲਾਂਕਿ, ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਇਸ ਵੇਲੇ ਸਿਰਫ਼ ਇੱਕ ਪ੍ਰਸਤਾਵਿਤ ਬਿੱਲ ਹੈ, ਕਾਨੂੰਨ ਨਹੀਂ। ਇਸ ਬਿੱਲ ਨੂੰ ਲਾਗੂ ਹੋਣ ਲਈ ਪਹਿਲਾਂ ਸੈਨੇਟ ਵਿੱਚ ਮਨਜ਼ੂਰੀ ਮਿਲਣੀ ਲਾਜ਼ਮੀ ਹੈ। ਇਸ ਤੋਂ ਬਾਅਦ ਇਸ ਨੂੰ ਅਮਰੀਕੀ ਹਾਊਸ ਆਫ਼ ਰਿਪ੍ਰੀਜ਼ੈਂਟੇਟਿਵਜ਼ ਤੋਂ ਵੀ ਪਾਸ ਹੋਣਾ





ਪਵੇਗਾ ਅਤੇ ਆਖ਼ਿਰ ਵਿੱਚ ਰਾਸ਼ਟਰਪਤੀ ਦੇ ਦਸਤਖ਼ਤਾਂ ਤੋਂ ਬਾਅਦ ਹੀ ਇਹ ਕਾਨੂੰਨ ਬਣੇਗਾ। ਇਸ ਵੇਲੇ ਇਨ੍ਹਾਂ ਵਿੱਚੋਂ ਕੋਈ ਵੀ ਪੜਾਅ ਪੂਰਾ ਨਹੀਂ ਹੋਇਆ।ਇਸ ਲਈ ਅਜੇ ਤੱਕ ਕੋਈ ਭੁਗਤਾਨ ਦੀ ਤਾਰੀਖ਼ ਐਲਾਨੀ ਨਹੀਂ ਗਈ, ਨਾ ਹੀ ਕੋਈ ਅਰਜ਼ੀ ਪ੍ਰਕਿਰਿਆ ਸ਼ੁਰੂ ਹੋਈ ਹੈ ਅਤੇ ਨਾ ਹੀ ਕਿਸੇ ਨੂੰ ਚੈਕ ਜਾਂ ਡਾਇਰੈਕਟ ਡਿਪਾਜ਼ਿਟ ਭੇਜਿਆ ਜਾ ਰਿਹਾ ਹੈ।ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕੀ ਕਾਂਗਰਸ ਵਿੱਚ ਹਰ ਸਾਲ ਹਜ਼ਾਰਾਂ ਬਿੱਲ ਪੇਸ਼ ਹੁੰਦੇ ਹਨ, ਪਰ ਉਨ੍ਹਾਂ ਵਿੱਚੋਂ ਬਹੁਤ ਘੱਟ ਹੀ ਕਾਨੂੰਨ ਬਣਦੇ ਹਨ। ਇਸ ਲਈ ਲੋਕਾਂ ਨੂੰ ਇਸ ਪ੍ਰਸਤਾਵ ਨੂੰ ਪੱਕੀ ਯੋਜਨਾ ਸਮਝ ਕੇ ਕੋਈ ਵਿੱਤੀ ਫ਼ੈਸਲਾ ਨਹੀਂ ਕਰਨਾ ਚਾਹੀਦਾ।

ਇਸ ਦੌਰਾਨ ਧੋਖਾਧੜੀ ਕਰਨ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾ ਸਕਦੇ ਹਨ। ਅਜਿਹੇ ਮੌਕਿਆਂ 'ਤੇ ਫ਼ਰਜ਼ੀ ਟੈਕਸਟ ਮੈਸੇਜ, ਈ-ਮੇਲ ਜਾਂ ਫ਼ੋਨ ਕਾਲਾਂ ਆ ਸਕਦੀਆਂ ਹਨ, ਜਿਨ੍ਹਾਂ ਵਿੱਚ ਦਾਅਵਾ ਕੀਤਾ ਜਾਂਦਾ ਹੈ ਕਿ ਤੁਹਾਡਾ ਰਿਬੇਟ ਮਨਜ਼ੂਰ ਹੋ ਗਿਆ ਹੈ ਅਤੇ ਪੈਸੇ ਲੈਣ ਲਈ ਲਿੰਕ 'ਤੇ ਕਲਿੱਕ ਕਰੋ ਜਾਂ ਆਪਣੀ ਬੈਂਕ ਜਾਣਕਾਰੀ ਅਤੇ ਸੋਸ਼ਲ ਸਿਕਿਉਰਿਟੀ ਨੰਬਰ ਦਿਓ।ਅਮਰੀਕੀ ਸਰਕਾਰ ਕਦੇ ਵੀ ਕਿਸੇ ਨਵੇਂ ਰਿਬੇਟ ਲਈ ਟੈਕਸਟ ਮੈਸੇਜ ਰਾਹੀਂ ਬੈਂਕ ਜਾਣਕਾਰੀ ਜਾਂ ਫ਼ੀਸ ਦੀ ਮੰਗ ਨਹੀਂ ਕਰਦੀ। ਜੇਕਰ ਭਵਿੱਖ ਵਿੱਚ ਇਹ ਬਿੱਲ ਕਾਨੂੰਨ ਬਣਦਾ ਹੈ ਤਾਂ ਭੁਗਤਾਨ ਟੈਕਸ ਪ੍ਰਣਾਲੀ ਜਾਂ ਹੋਰ ਸਰਕਾਰੀ ਪ੍ਰਕਿਰਿਆ ਰਾਹੀਂ ਕੀਤਾ ਜਾਵੇਗਾ।ਫਿਲਹਾਲ ਲੋਕਾਂ ਲਈ ਸਭ ਤੋਂ ਵਧੀਆ ਸਲਾਹ ਇਹੀ ਹੈ ਕਿ ਇਸ ਪ੍ਰਸਤਾਵ ਦੀ ਅਗਲੀ ਕਾਰਵਾਈ 'ਤੇ ਨਜ਼ਰ ਰੱਖਣ, ਪਰ ਇਸ ਨੂੰ ਪੱਕਾ ਲਾਭ ਨਾ ਸਮਝਣ। ਜਦ ਤੱਕ ਕਾਂਗਰਸ ਇਸ ਨੂੰ ਪਾਸ ਕਰਕੇ ਰਾਸ਼ਟਰਪਤੀ ਮਨਜ਼ੂਰੀ ਨਹੀਂ ਦਿੰਦੇ, ਤਦ ਤੱਕ $1,200 ਜਾਂ $600 ਦੀ ਕੋਈ ਗਾਰੰਟੀ ਨਹੀਂ ਹੈ। ਸੰਖੇਪ ਵਿੱਚ, ਇਸ ਵੇਲੇ ਅਮਰੀਕੀ ਸੈਨੇਟ ਵਿੱਚ ਇੱਕ ਬਿੱਲ ਪੇਸ਼ ਹੋਇਆ ਹੈ ਜਿਸ ਵਿੱਚ ਯੋਗ ਵਿਆਹੇ ਜੋੜਿਆਂ ਲਈ $1,200 ਅਤੇ ਹਰ ਬੱਚੇ ਲਈ $600 ਦੀ ਟੈਰਿਫ ਰਿਬੇਟ ਦੀ ਤਜਵੀਜ਼ ਹੈ। ਪਰ ਇਹ ਅਜੇ ਸਿਰਫ਼ ਪ੍ਰਸਤਾਵ ਹੈ, ਕਾਨੂੰਨ ਨਹੀਂ। ਇਸ ਲਈ ਕਿਸੇ ਵੀ ਅਫ਼ਵਾਹ, ਫ਼ਰਜ਼ੀ ਮੈਸੇਜ ਜਾਂ "ਚੈਕ ਤਿਆਰ ਹੈ" ਵਾਲੇ ਦਾਅਵੇ 'ਤੇ ਭਰੋਸਾ ਨਾ ਕਰੋ ਅਤੇ ਸਿਰਫ਼ ਸਰਕਾਰੀ ਐਲਾਨਾਂ ਦੀ ਹੀ ਉਡੀਕ ਕਰੋ।

# ਦੱਖਣੀ ਮੈਕਸੀਕਨ 'ਚ ਆਇਆ 'ਚ 7.4 ਤੀਬਰਤਾ ਦਾ ਭੂਚਾਲ

ਚਿਆਪਸ
ਸਾਂਝੀ ਸੋਚ ਬਿਊਰੋ

ਦੱਖਣੀ ਮੈਕਸੀਕਨ ਰਾਜ ਚਿਆਪਸ ਸ਼ੁੱਕਰਵਾਰ ਨੂੰ ਇੱਕ ਬੇਹੱਦ ਸ਼ਕਤੀਸ਼ਾਲੀ ਅਤੇ ਵਿਨਾਸ਼ਕਾਰੀ ਭੂਚਾਲ ਨਾਲ ਕੰਬ ਉੱਠਿਆ। ਰਿਕਟਰ ਪੈਮਾਨੇ 'ਤੇ ਇਸ ਭੂਚਾਲ ਦੀ ਤੀਬਰਤਾ 7.4 ਮਾਪੀ ਗਈ ਹੈ। ਇਹ ਝਟਕੇ ਇੰਨੇ ਜ਼ਬਰਦਸਤ ਸਨ ਕਿ ਇਨ੍ਹਾਂ ਦਾ ਅਸਰ ਪੂਰੇ ਮੱਧ ਅਮਰੀਕਾ ਵਿੱਚ ਦੇਖਣ ਨੂੰ ਮਿਲਿਆ, ਜਿਸ ਨਾਲ ਗੁਆਂਢੀ ਦੇਸ਼ ਗੁਆਟੇਮਾਲਾ ਅਤੇ ਐਲ ਸੈਲਵਾਡੋਰ ਵੀ ਬੁਰੀ ਤਰ੍ਹਾਂ ਹਿੱਲ ਗਏ। ਭੂਚਾਲ ਦੇ ਇਸ ਖ਼ਤਰਨਾਕ ਲੈਵਲ ਨੂੰ ਦੇਖਦਿਆਂ ਯੂਐਸ ਸੁਨਾਮੀ ਚੇਤਾਵਨੀ ਪ੍ਰਣਾਲੀ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਭੂਚਾਲ ਦੇ ਐਪੀਸੈਂਟਰ ਤੋਂ 300 ਕਿਲੋਮੀਟਰ ਦੇ ਦਾਇਰੇ ਵਿੱਚ ਆਉਂਦੇ ਤੱਟਵਰਤੀ ਇਲਾਕਿਆਂ ਲਈ ਸੁਨਾਮੀ ਦਾ ਹਾਈ ਅਲਰਟ ਜਾਰੀ ਕਰ ਦਿੱਤਾ ਹੈ।ਅਮਰੀਕੀ ਭੂ-ਵਿਗਿਆਨ ਸਰਵੇਖਣ ਯਾਨੀ ਯੂਐਸਜੀਐਸ ਦੀ ਰਿਪੋਰਟ ਮੁਤਾਬਕ ਇਹ ਵੱਡਾ ਭੂਚਾਲ ਮੈਕਸੀਕਨ ਸ਼ਹਿਰ ਪਿਊਰਟੋ ਮਾਡੇਰੋ ਦੇ ਨੇੜੇ ਸਮੁੰਦਰ ਵਿੱਚ ਆਇਆ, ਜਿਸ ਦਾ ਕੇਂਦਰ ਜ਼ਮੀਨ ਤੋਂ ਸਿਰਫ਼ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਸ਼ੈਲੋ ਡੈਪਥ ਯਾਨੀ ਘੱਟ ਡੂੰਘਾਈ ਹੋਣ ਕਾਰਨ ਭੂਚਾਲ ਦੇ ਝਟਕੇ ਬੇਹੱਦ ਵਿਨਾਸ਼ਕਾਰੀ ਮਹਿਸੂਸ ਹੋਏ। ਸੋਸ਼ਲ




ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓਜ਼ ਅਤੇ ਤਸਵੀਰਾਂ ਵਿੱਚ ਵੱਡੀਆਂ-ਵੱਡੀਆਂ ਬਹੁ-ਮੰਜ਼ਿਲਾ ਇਮਾਰਤਾਂ ਤਾਸ਼ ਦੇ ਪੱਤਿਆਂ ਵਾਂਗ ਹਿੱਲਦੀਆਂ ਦਿਖਾਈ ਦੇ ਰਹੀਆਂ ਹਨ ਅਤੇ ਘਰਾਂ-ਦਫ਼ਤਰਾਂ ਦੀਆਂ ਕੰਧਾਂ ਤੇ ਸ਼ੈਲਫਾਂ ਤੋਂ ਸਾਮਾਨ ਹੇਠਾਂ ਡਿੱਗ ਰਿਹਾ ਹੈ। ਇਸ ਖ਼ੌਫ਼ਨਾਕ ਮੰਜ਼ਰ ਦੌਰਾਨ ਲੋਕ ਆਪਣੀ ਜਾਨ ਬਚਾਉਣ ਲਈ ਇਮਾਰਤਾਂ ਵਿੱਚੋਂ ਬਾਹਰ ਨਿਕਲ ਕੇ ਖੁੱਲ੍ਹੇ ਮੈਦਾਨਾਂ ਵੱਲ ਭੱਜਦੇ ਹੋਏ ਬੇਹੱਦ ਬੇਚੈਨ ਨਜ਼ਰ ਆਏ।ਇਸ ਭਿਆਨਕ ਮੁੱਖ ਝਟਕੇ ਤੋਂ ਬਾਅਦ ਪੂਰੇ ਖੇਤਰ ਵਿੱਚ ਲਗਾਤਾਰ ਕਈ ਆਫਟਰਸ਼ੌਕਸ ਯਾਨੀ ਭੂਚਾਲ ਦੇ ਹੋਰ ਝਟਕੇ ਮਹਿਸੂਸ ਕੀਤੇ ਜਾ ਰਹੇ ਹਨ, ਜਿਸ ਨੇ ਸਥਾਨਕ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੋਰ ਵਧਾ ਦਿੱਤਾ ਹੈ। ਮਾਹਰ ਏਜੰਸੀਆਂ ਮੁਤਾਬਕ ਹੁਣ ਤੱਕ ਕਈ ਝਟਕੇ ਆ ਚੁੱਕੇ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਸ਼ਕਤੀਸ਼ਾਲੀ ਆਫਟਰਸ਼ੌਕ 6.1 ਤੀਬਰਤਾ ਦਾ ਰਿਕਾਰਡ ਕੀਤਾ ਗਿਆ ਹੈ, ਜਦਕਿ ਇਸ ਤੋਂ ਇਲਾਵਾ 5.2 ਅਤੇ 4.5 ਤੀਬਰਤਾ ਦੇ ਝਟਕੇ ਵੀ ਲਗਾਤਾਰ ਆ ਰਹੇ ਹਨ। ਭੂ-ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਭੂਚਾਲ ਦੇ ਇਸ ਲਗਾਤਾਰ ਪ੍ਰਭਾਵ ਕਾਰਨ ਮੈਕਸੀਕੋ ਅਤੇ ਗੁਆਟੇਮਾਲਾ ਦੇ ਕੁਝ ਖ਼ਾਸ ਤੱਟਵਰਤੀ ਇਲਾਕਿਆਂ ਵਿੱਚ 1 ਮੀਟਰ ਤੱਕ ਉੱਚੀਆਂ ਸੁਨਾਮੀ ਦੀਆਂ ਲਹਿਰਾਂ ਉੱਠ ਸਕਦੀਆਂ ਹਨ, ਜਿਸ ਕਾਰਨ ਸਮੁੰਦਰੀ ਕਿਨਾਰਿਆਂ ਦੇ ਕੋਲ ਰਹਿਣ ਵਾਲੀ ਆਬਾਦੀ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਦੀ ਹਦਾਇਤ ਦਿੱਤੀ ਗਈ ਹੈ।





ਕਈ ਵੀਰਾਂ ਦੇ
**LICENSE CANCEL**
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ


**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ


ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਟਰੰਪ ਨੂੰ ਵੱਡਾ ਕਾਨੂੰਨੀ ਝਟਕਾ, ਜੱਜ ਨੇ ਆਈਆਰਐਸ ਨਾਲ ਹੋਇਆ ਵਿਵਾਦਿਤ ਟੈਕਸ ਸਮਝੌਤਾ ਰੱਦ ਕੀਤਾ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੇ ਇੱਕ ਫੈਡਰਲ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ, ਉਨ੍ਹਾਂ ਦੇ ਦੋ ਵੱਡੇ ਪੁੱਤਰਾਂ ਅਤੇ ਉਨ੍ਹਾਂ ਦੀ ਕੰਪਨੀ ਵੱਲੋਂ ਇੰਟਰਨਲ ਰੈਵਨਿਊ ਸਰਵਿਸ ਨਾਲ ਕੀਤੇ ਗਏ ਵਿਵਾਦਿਤ ਸਮਝੌਤੇ ਨੂੰ ਰੱਦ ਕਰ ਦਿੱਤਾ ਹੈ। ਇਸ ਸਮਝੌਤੇ ਤਹਿਤ ਟਰੰਪ ਪਰਿਵਾਰ ਨੂੰ ਪਿਛਲੇ ਸਾਲਾਂ ਦੀ ਸੰਭਾਵਿਤ ਟੈਕਸ ਦੇਣਦਾਰੀ ਤੋਂ ਵੱਡੀ ਸੁਰੱਖਿਆ ਮਿਲ ਸਕਦੀ ਸੀ।

ਦੱਖਣੀ ਫਲੋਰੀਡਾ ਦੀ ਫੈਡਰਲ ਜੱਜ ਕੈਥਲੀਨ ਐੱਮ. ਵਿਲੀਅਮਜ਼ ਨੇ 13 ਜੁਲਾਈ ਦੇ ਹੁਕਮ ਵਿੱਚ ਕਿਹਾ ਕਿ ਇਹ ਮਾਮਲਾ ਅਸਲ ਵਿੱਚ ਦੋ ਵਿਰੋਧੀ ਧਿਰਾਂ ਵਿਚਕਾਰ ਚੱਲ ਰਹੀ ਕਾਨੂੰਨੀ ਲੜਾਈ ਨਹੀਂ ਸੀ। ਉਨ੍ਹਾਂ ਮੁਤਾਬਕ ਟਰੰਪ ਰਾਸ਼ਟਰਪਤੀ ਹੋਣ ਕਾਰਨ ਉਸ ਨਿਆਂ ਵਿਭਾਗ ਅਤੇ ਸਰਕਾਰੀ ਅਧਿਕਾਰੀਆਂ ਉੱਤੇ ਪ੍ਰਭਾਵ ਰੱਖਦੇ ਸਨ, ਜੋ ਉਨ੍ਹਾਂ ਵੱਲੋਂ ਦਾਇਰ ਕੀਤੇ ਮੁਕੱਦਮੇ ਵਿੱਚ ਸਰਕਾਰ ਦੀ ਨੁਮਾਇੰਦਗੀ ਕਰ ਰਹੇ ਸਨ।

ਜੱਜ ਨੇ ਕਿਹਾ ਕਿ ਮਾਮਲੇ ਵਿੱਚ ਨਾ ਤਾਂ ਅਸਲ ਵਿਰੋਧ ਸੀ ਅਤੇ ਨਾ ਹੀ ਇਹ ਸਵਾਲ ਸੀ ਕਿ ਕੌਣ ਜਿੱਤੇਗਾ। ਅਦਾਲਤ ਨੇ ਟਰੰਪ ਪਰਿਵਾਰ ਨੂੰ ਇਸ ਸਮਝੌਤੇ ਦੀ ਵਰਤੋਂ ਜਾਂ ਕਿਸੇ ਵੀ ਸਰਕਾਰੀ ਅਤੇ ਕਾਨੂੰਨੀ ਕਾਰਵਾਈ ਵਿੱਚ ਇਸਦਾ ਹਵਾਲਾ ਦੇਣ ਤੋਂ ਰੋਕ ਦਿੱਤਾ ਹੈ। ਟਰੰਪ ਅਤੇ ਉਨ੍ਹਾਂ ਦੇ ਪੁੱਤਰਾਂ ਨੇ ਆਈਆਰਐਸ ਖ਼ਿਲਾਫ਼ 10 ਅਰਬ ਡਾਲਰ ਦਾ ਮੁਕੱਦਮਾ ਦਾਇਰ ਕੀਤਾ ਸੀ। ਉਨ੍ਹਾਂ ਦਾ ਦੋਸ਼ ਸੀ



ਕਿ ਟੈਕਸ ਵਿਭਾਗ ਉਨ੍ਹਾਂ ਦੇ ਗੁਪਤ ਟੈਕਸ ਰਿਕਾਰਡਾਂ ਦੀ ਰੱਖਿਆ ਕਰਨ ਵਿੱਚ ਨਾਕਾਮ ਰਿਹਾ ਅਤੇ ਇੱਕ ਠੇਕੇਦਾਰ ਨੇ ਇਹ ਜਾਣਕਾਰੀ ਮੀਡੀਆ ਸੰਸਥਾਵਾਂ ਨੂੰ ਲੀਕ ਕਰ ਦਿੱਤੀ।

ਇਸ ਸਮਝੌਤੇ ਨਾਲ ਟਰੰਪ ਨੂੰ ਪਿਛਲੇ ਟੈਕਸ ਸਾਲਾਂ ਨਾਲ ਜੁੜੀ ਵੱਡੀ ਸੰਭਾਵਿਤ ਦੇਣਦਾਰੀ ਤੋਂ ਰਾਹਤ ਮਿਲ ਸਕਦੀ ਸੀ। ਰਿਪੋਰਟਾਂ ਅਨੁਸਾਰ ਟਰੰਪ ਲੰਮੇ ਸਮੇਂ ਤੋਂ 72.9 ਮਿਲੀਅਨ ਡਾਲਰ ਦੇ ਟੈਕਸ ਰਿਫੰਡ ਨਾਲ ਸਬੰਧਤ ਆਡਿਟ ਵਿਵਾਦ ਵਿੱਚ ਫਸੇ ਹੋਏ ਸਨ ਅਤੇ ਮਾਮਲਾ ਹਾਰਨ ਦੀ ਸਥਿਤੀ ਵਿੱਚ ਉਨ੍ਹਾਂ ਉੱਤੇ 100 ਮਿਲੀਅਨ ਡਾਲਰ ਤੋਂ ਵੱਧ ਦੀ ਦੇਣਦਾਰੀ ਬਣ ਸਕਦੀ ਸੀ। ਸਮਝੌਤੇ ਵਿੱਚ ਕਥਿਤ ਸਰਕਾਰੀ ਕਾਨੂੰਨੀ ਕਾਰਵਾਈਆਂ ਤੋਂ ਪ੍ਰਭਾਵਿਤ ਲੋਕਾਂ ਲਈ ਟੈਕਸਦਾਤਾਵਾਂ ਦੇ ਪੈਸੇ ਨਾਲ ਇੱਕ "ਐਂਟੀ-ਵੈਪਨਾਈਜ਼ੇਸ਼ਨ" ਫੰਡ ਬਣਾਉਣ ਦੀ ਯੋਜਨਾ ਵੀ ਸ਼ਾਮਲ ਸੀ। ਇਸ ਫੰਡ ਨੂੰ ਦੋਵਾਂ ਪਾਰਟੀਆਂ ਦੇ ਆਗੂਆਂ ਵੱਲੋਂ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਚਿੰਤਾ ਜਤਾਈ ਗਈ ਸੀ ਕਿ 6 ਜਨਵਰੀ 2021 ਦੇ ਕੈਪੀਟਲ ਹਮਲੇ ਵਿੱਚ ਸ਼ਾਮਲ ਲੋਕ ਵੀ ਇਸ ਤੋਂ ਲਾਭ ਲੈ ਸਕਦੇ ਹਨ। ਜੱਜ ਨੇ ਟਰੰਪ ਦੇ ਇੱਕ ਵਕੀਲ ਅਲੇਹਾਂਦਰੋ ਬ੍ਰਿਟੋ ਦਾ ਮਾਮਲਾ ਫਲੋਰੀਡਾ ਸਟੇਟ ਬਾਰ ਕੋਲ ਵੀ ਭੇਜ ਦਿੱਤਾ ਹੈ। ਸਮਝੌਤੇ ਉੱਤੇ ਦਸਤਖ਼ਤ ਕਰਨ ਵਾਲੇ ਇੱਕ ਹੋਰ ਵਕੀਲ ਨੂੰ ਜੱਜ ਦੀ ਅਦਾਲਤ ਵਿੱਚ ਇੱਕ ਸਾਲ ਤੱਕ ਨਵੇਂ ਮੁਕੱਦਮਿਆਂ ਵਿੱਚ ਮੁਦਈਆਂ ਦੀ ਨੁਮਾਇੰਦਗੀ ਕਰਨ ਤੋਂ ਰੋਕ ਦਿੱਤਾ ਗਿਆ ਹੈ। ਟਰੰਪ ਦੀ ਕਾਨੂੰਨੀ ਟੀਮ ਨੇ ਕਿਹਾ ਕਿ ਆਈਆਰਐਸ ਨੇ ਟਰੰਪ ਪਰਿਵਾਰ ਦੀ ਗੁਪਤ ਜਾਣਕਾਰੀ ਦੀ ਰੱਖਿਆ ਨਹੀਂ ਕੀਤੀ ਅਤੇ ਇੱਕ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਕਰਮਚਾਰੀ ਨੂੰ ਇਹ ਜਾਣਕਾਰੀ ਲੀਕ ਕਰਨ ਦਿੱਤੀ। ਨਿਆਂ ਵਿਭਾਗ ਵੱਲੋਂ ਤੁਰੰਤ ਕੋਈ ਵਿਸਥਾਰਪੂਰਵਕ ਪ੍ਰਤੀਕਿਰਿਆ ਨਹੀਂ ਦਿੱਤੀ ਗਈ।

# 2020 ਦੀਆਂ ਡਾਕ ਸੇਵਾ ਤਬਦੀਲੀਆਂ ਦੇ ਮਾਮਲੇ ਵਿੱਚ ਟਰੰਪ ਨੂੰ ਅਪੀਲੀ ਅਦਾਲਤ ਤੋਂ ਜਿੱਤ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕਾ ਦੀ ਇੱਕ ਸੰਘੀ ਅਪੀਲੀ ਅਦਾਲਤ ਨੇ 2020 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਯੂਐੱਸ ਪੋਸਟਲ ਸਰਵਿਸ ਵੱਲੋਂ ਕੀਤੀਆਂ ਡਾਕ ਪ੍ਰਣਾਲੀ ਦੀਆਂ ਤਬਦੀਲੀਆਂ ਨੂੰ ਰੋਕਣ ਵਾਲਾ ਹੇਠਲੀ ਅਦਾਲਤ ਦਾ ਫੈਸਲਾ ਰੱਦ ਕਰ ਦਿੱਤਾ ਹੈ। ਇਸ ਫੈਸਲੇ ਨੂੰ ਟਰੰਪ ਪ੍ਰਸ਼ਾਸਨ ਲਈ ਕਾਨੂੰਨੀ ਜਿੱਤ ਮੰਨਿਆ ਜਾ ਰਿਹਾ ਹੈ। ਹਾਲਾਂਕਿ ਅਪੀਲੀ ਅਦਾਲਤ ਨੇ ਇਹ ਨਹੀਂ ਕਿਹਾ ਕਿ 2020 ਵਿੱਚ ਕੀਤੀਆਂ ਤਬਦੀਲੀਆਂ ਸਹੀ ਜਾਂ ਗਲਤ ਸਨ। ਅਦਾਲਤ ਨੇ ਸਿਰਫ਼ ਇਹ ਫੈਸਲਾ ਕੀਤਾ ਕਿ ਮਾਮਲਾ ਪਹਿਲਾਂ ਸੰਘੀ ਜ਼ਿਲ੍ਹਾ ਅਦਾਲਤ ਵਿੱਚ ਨਹੀਂ ਜਾਣਾ ਚਾਹੀਦਾ ਸੀ। ਅਦਾਲਤ ਮੁਤਾਬਕ ਨਿਊਯਾਰਕ, ਨਿਊ ਜਰਸੀ, ਹਵਾਈ ਅਤੇ ਹੋਰ ਰਾਜਾਂ ਤੇ ਸ਼ਹਿਰਾਂ ਨੂੰ ਪਹਿਲਾਂ ਪੋਸਟਲ ਰੈਗੂਲੇਟਰੀ ਕਮਿਸ਼ਨ ਕੋਲ ਸ਼ਿਕਾਇਤ ਕਰਨੀ ਚਾਹੀਦੀ ਸੀ। ਜੇ ਉੱਥੋਂ ਰਾਹਤ ਨਾ ਮਿਲਦੀ ਤਾਂ ਮਾਮਲਾ ਅਪੀਲੀ ਅਦਾਲਤ ਵਿੱਚ ਲਿਆਂਦਾ ਜਾ ਸਕਦਾ ਸੀ। ਇਹ ਵਿਵਾਦ 2020 ਦੀਆਂ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਸ਼ੁਰੂ ਹੋਇਆ ਸੀ। ਉਸ ਸਮੇਂ ਡਾਕ ਸੇਵਾ ਨੇ ਤੇਜ਼ੀ ਨਾਲ ਡਾਕ ਛਾਂਟਣ ਵਾਲੀਆਂ ਕੁਝ ਮਸ਼ੀਨਾਂ ਹਟਾ ਦਿੱਤੀਆਂ ਸਨ, ਕਰਮਚਾਰੀਆਂ ਦਾ ਓਵਰਟਾਈਮ ਘਟਾਇਆ ਸੀ ਅਤੇ ਦੇਰੀ ਨਾਲ ਜਾਂ ਵਾਧੂ ਡਾਕ ਪਹੁੰਚਾਉਣ ਵਾਲੀਆਂ ਯਾਤਰਾਵਾਂ ਬੰਦ ਕੀਤੀਆਂ ਸਨ। ਕੋਵਿਡ ਮਹਾਮਾਰੀ ਕਾਰਨ ਉਸ ਸਾਲ ਵੱਡੀ ਗਿਣਤੀ



ਵਿੱਚ ਲੋਕ ਡਾਕ ਰਾਹੀਂ ਵੋਟ ਪਾ ਰਹੇ ਸਨ।

ਕਈ ਰਾਜਾਂ ਨੇ ਚਿੰਤਾ ਜਤਾਈ ਸੀ ਕਿ ਇਨ੍ਹਾਂ ਤਬਦੀਲੀਆਂ ਕਾਰਨ ਬੈਲਟ ਵੋਟਰਾਂ ਜਾਂ ਚੋਣ ਅਧਿਕਾਰੀਆਂ ਕੋਲ ਸਮੇਂ ਸਿਰ ਨਹੀਂ ਪਹੁੰਚ ਸਕਦੇ। ਸਤੰਬਰ 2020 ਵਿੱਚ ਸੰਘੀ ਜੱਜ ਐਮਟ ਸੁਲੀਵਨ ਨੇ ਡਾਕ ਸੇਵਾ ਦੀਆਂ ਕੁਝ ਤਬਦੀਲੀਆਂ ਨੂੰ ਰੋਕ ਦਿੱਤਾ ਸੀ। ਬਾਅਦ ਵਿੱਚ ਉਸ ਨੇ ਹੁਕਮ ਦਿੱਤਾ ਸੀ ਕਿ ਡਾਕ ਸੇਵਾ ਵਾਧੂ ਜਾਂ ਦੇਰੀ ਵਾਲੀਆਂ ਯਾਤਰਾਵਾਂ ਬੰਦ ਕਰਨ ਤੋਂ ਪਹਿਲਾਂ ਪੋਸਟਲ ਰੈਗੂਲੇਟਰੀ ਕਮਿਸ਼ਨ ਦੀ ਰਾਏ ਲਵੇ। ਹੁਣ ਤਿੰਨ ਜੱਜਾਂ ਦੇ ਅਪੀਲੀ ਬੈਂਚ ਨੇ ਸਰਬਸੰਮਤੀ ਨਾਲ ਕਿਹਾ ਕਿ ਜ਼ਿਲ੍ਹਾ ਅਦਾਲਤ ਕੋਲ ਇਸ ਮਾਮਲੇ ਦੀ ਸੁਣਵਾਈ ਕਰਨ ਦਾ ਅਧਿਕਾਰ ਨਹੀਂ ਸੀ। ਕਾਂਗਰਸ ਨੇ ਅਜਿਹੀਆਂ ਸ਼ਿਕਾਇਤਾਂ ਲਈ ਪਹਿਲਾਂ ਹੀ ਇੱਕ ਖਾਸ ਪ੍ਰਕਿਰਿਆ ਬਣਾਈ ਹੋਈ ਹੈ।

ਰਾਜਾਂ ਨੇ ਕਿਹਾ ਸੀ ਕਿ ਪੋਸਟਲ ਰੈਗੂਲੇਟਰੀ ਕਮਿਸ਼ਨ ਨੂੰ ਫੈਸਲਾ ਕਰਨ ਵਿੱਚ 90 ਦਿਨ ਤੱਕ ਲੱਗ ਸਕਦੇ ਸਨ, ਜਦਕਿ ਚੋਣਾਂ ਕੁਝ ਹੀ ਹਫ਼ਤੇ ਦੂਰ ਸਨ। ਪਰ ਅਪੀਲੀ ਅਦਾਲਤ ਨੇ ਕਿਹਾ ਕਿ ਜਲਦੀ ਰਾਹਤ ਦੀ ਲੋੜ ਹੋਣ ਦੇ ਬਾਵਜੂਦ ਕਾਨੂੰਨ ਵਿੱਚ ਦਿੱਤੀ ਪ੍ਰਕਿਰਿਆ ਨੂੰ ਛੱਡਿਆ ਨਹੀਂ ਜਾ ਸਕਦਾ। ਇਹ ਫੈਸਲਾ ਮੁੱਖ ਤੌਰ 'ਤੇ ਕਾਨੂੰਨੀ ਪ੍ਰਕਿਰਿਆ ਨਾਲ ਸਬੰਧਤ ਹੈ। ਅਦਾਲਤ ਨੇ ਇਹ ਫੈਸਲਾ ਨਹੀਂ ਕੀਤਾ ਕਿ 2020 ਦੀਆਂ ਤਬਦੀਲੀਆਂ ਕਾਰਨ ਡਾਕ ਬੈਲਟਾਂ ਵਿੱਚ ਦੇਰੀ ਹੋਈ ਜਾਂ ਚੋਣਾਂ ਪ੍ਰਭਾਵਿਤ ਹੋਈਆਂ ਸਨ। ਇਹ ਵੀ ਸਪਸ਼ਟ ਹੈ ਕਿ ਇਹ ਫੈਸਲਾ 2020 ਦੇ ਪੁਰਾਣੇ ਮਾਮਲੇ ਨਾਲ ਜੁੜਿਆ ਹੈ। ਇਹ 2026 ਵਿੱਚ ਡਾਕ ਰਾਹੀਂ ਵੋਟਾਂ ਸਬੰਧੀ ਟਰੰਪ ਪ੍ਰਸ਼ਾਸਨ ਦੇ ਨਵੇਂ ਪ੍ਰਸਤਾਵ ਦੀ ਕਾਨੂੰਨੀਤਾ ਦਾ ਫੈਸਲਾ ਨਹੀਂ ਕਰਦਾ। ਇਸ ਤਰ੍ਹਾਂ ਟਰੰਪ ਪ੍ਰਸ਼ਾਸਨ ਨੂੰ ਪੁਰਾਣੇ ਮਾਮਲੇ ਵਿੱਚ ਇੱਕ ਪ੍ਰਕਿਰਿਆਤਮਕ ਜਿੱਤ ਮਿਲੀ ਹੈ, ਪਰ ਡਾਕ ਰਾਹੀਂ ਵੋਟਿੰਗ ਦੇ ਨਵੇਂ ਨਿਯਮਾਂ ਨੂੰ ਲੈ ਕੇ ਕਾਨੂੰਨੀ ਲੜਾਈ ਹਾਲੇ ਵੀ ਜਾਰੀ ਹੈ।

# ਅਨੁਰਾਗ ਕੁਮਾਰ ਸੀਨੀਅਰ ਆਈਪੀਐਸ ਨੂੰ ਦਿੱਲੀ ਪੁਲਿਸ ਦਾ ਕਮਿਸ਼ਨਰ ਥਾਪਿਆ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਸੀਨੀਅਰ ਆਈਪੀਐਸ ਅਧਿਕਾਰੀ ਅਨੁਰਾਗ ਕੁਮਾਰ ਨੇ ਅਧਿਕਾਰਤ ਤੌਰ 'ਤੇ ਦਿੱਲੀ ਪੁਲਿਸ ਦੇ ਕਮਿਸ਼ਨਰ ਵਜੋਂ ਅਹੁਦਾ ਸੰਭਾਲ ਲਿਆ ਹੈ, ਜੋ ਦੇਸ਼ ਦੀ ਪ੍ਰਮੁੱਖ ਪੁਲਿਸ ਫੋਰਸ ਵਿੱਚ ਇੱਕ ਮਹੱਤਵਪੂਰਨ ਲੀਡਰਸ਼ਿਪ ਤਬਦੀਲੀ ਹੈ। 1994 ਬੈਚ ਦੇ ਆਈਪੀਐਸ ਅਧਿਕਾਰੀ ਜਿਨ੍ਹਾਂ ਕੋਲ ਖੁਫੀਆ ਅਤੇ ਰਾਸ਼ਟਰੀ ਸੁਰੱਖਿਆ ਵਿੱਚ ਵਿਆਪਕ ਤਜਰਬਾ ਹੈ, ਉਹ ਇਸ ਵੱਕਾਰੀ ਜ਼ਿੰਮੇਵਾਰੀ ਨੂੰ ਸੌਂਪਣ ਤੋਂ ਪਹਿਲਾਂ ਇੰਟੈਲੀਜੈਂਸ ਬਿਊਰੋ ਵਿੱਚ ਵਿਸ਼ੇਸ਼ ਡਾਇਰੈਕਟਰ ਵਜੋਂ ਸੇਵਾ ਨਿਭਾ ਚੁੱਕੇ ਸਨ। ਕਾਰਜਭਾਰ ਸੰਭਾਲਣ 'ਤੇ, ਕਮਿਸ਼ਨਰ ਅਨੁਰਾਗ ਕੁਮਾਰ ਨੇ ਭ੍ਰਿਸ਼ਟਾਚਾਰ, ਪੇਸ਼ੇਵਰਤਾ ਅਤੇ ਪੁਲਿਸਿੰਗ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਮਜ਼ਬੂਤ ਕਰਨ ਪ੍ਰਤੀ ਜ਼ੀਰੋ ਸਹਿਣਸ਼ੀਲਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਦੀ ਨਿਯੁਕਤੀ ਤੋਂ ਰਾਸ਼ਟਰੀ ਰਾਜਧਾਨੀ ਵਿੱਚ ਕਾਨੂੰਨ ਲਾਗੂ ਕਰਨ ਲਈ ਇੱਕ ਖੁਫੀਆ-ਸੰਚਾਲਿਤ ਅਤੇ ਲੋਕ-ਕੇਂਦ੍ਰਿਤ ਪਹੁੰਚ ਲਿਆਉਣ ਦੀ ਉਮੀਦ ਹੈ। ਇਸ ਨਿਯੁਕਤੀ ਦਾ ਸਿਵਲ ਸਮਾਜ, ਜਨਤਕ ਪ੍ਰਤੀਨਿਧੀਆਂ ਅਤੇ ਸ਼ੁਭਚਿੰਤਕਾਂ ਦੁਆਰਾ ਵਿਆਪਕ ਤੌਰ 'ਤੇ ਸਵਾਗਤ ਕੀਤਾ ਗਿਆ ਹੈ, ਜਿਨ੍ਹਾਂ ਨੇ ਵਿਸ਼ਵਾਸ ਪ੍ਰਗਟ ਕੀਤਾ ਹੈ ਕਿ ਉਨ੍ਹਾਂ ਦਾ ਵਿਸ਼ਾਲ ਪ੍ਰਸ਼ਾਸਨਿਕ ਤਜਰਬਾ ਅਤੇ ਦੂਰਦਰਸ਼ੀ ਅਗਵਾਈ ਦਿੱਲੀ ਪੁਲਿਸ ਦੀ ਕੁਸ਼ਲਤਾ, ਪਾਰਦਰਸ਼ਤਾ ਅਤੇ ਜਨਤਕ ਸੇਵਾ ਦੇ ਮਿਆਰਾਂ ਨੂੰ ਹੋਰ ਵਧਾਏਗੀ। ਇਸ ਵੱਕਾਰੀ ਜ਼ਿੰਮੇਵਾਰੀ ਲਈ ਸ਼੍ਰੀ ਅਨੁਰਾਗ ਕੁਮਾਰ, ਆਈਪੀਐਸ ਨੂੰ ਹਾਰਦਿਕ ਵਧਾਈਆਂ। ਦਿੱਲੀ ਪੁਲਿਸ ਦੇ ਕਮਿਸ਼ਨਰ ਵਜੋਂ ਉਨ੍ਹਾਂ ਦੇ ਸਫਲ ਅਤੇ ਸ਼ਾਨਦਾਰ ਕਾਰਜਕਾਲ ਦੀ ਕਾਮਨਾ ਕਰਦੇ ਹਾਂ।




WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336

Gillson TRUCKING INC

# NOW HIRING
## TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



### SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking | company/gillsontrucking | www.teamgillson.com

# ਅਮਰੀਕਾ ਵੱਲੋਂ ਰੂਸ ਤੋਂ ਤੇਲ ਖ਼ਰੀਦਣ ਵਾਲੇ ਭਾਰਤ, ਚੀਨ ਸਮੇਤ 5 ਦੇਸ਼ਾਂ 'ਤੇ 100 ਫੀਸਦੀ ਟੈਰਿਫ਼ ਲਾਉਣ ਦੀ ਤਜਵੀਜ਼

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ




ਅਮਰੀਕਾ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ ਰਿਪਬਲੀਕਨ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਸੰਸਦ ਮੈਂਬਰਾਂ ਦੇ ਇਕ ਸਮੂਹ ਨੇ ਸੈਨੇਟ ਵਿਚ ਇਕ ਅਜਿਹਾ ਬਿੱਲ ਪੇਸ਼ ਕੀਤਾ ਹੈ, ਜਿਸ ਵਿਚ ਰੂਸ ਤੋਂ ਤੇਲ ਖ਼ਰੀਦਣ ਵਾਲੇ ਭਾਰਤ, ਚੀਨ ਸਮੇਤ 5 ਦੇਸ਼ਾਂ 'ਤੇ 100 ਫੀਸਦੀ ਤੱਕ ਦਰਾਮਦ ਡਿਊਟੀ ਲਾਉਣ ਦੀ ਤਜਵੀਜ਼ ਰੱਖੀ ਗਈ ਹੈ। ਰਿਪਬਲੀਕਨ ਸੈਨੇਟਰ ਲਿੰਡਸੇ ਗ੍ਰਾਹਮ ਦੀ ਪਹਿਲਕਦਮੀ 'ਤੇ ਤਿਆਰ ਕੀਤੇ ਗਏ ਇਸ ਬਿੱਲ ਵਿਚ ਰੂਸ ਤੋਂ ਗੈਸ ਖ਼ਰੀਦਣ ਵਾਲੇ 15 ਯੂਰਪੀ ਦੇਸ਼ਾਂ ਨੂੰ ਟੈਰਿਫ ਤੋਂ ਛੋਟ ਦੇਣ ਦੀ ਗੱਲ ਕਹੀ ਗਈ ਹੈ।

ਇਸ ਦੇ ਪਿੱਛੇ ਇਹ ਦਲੀਲ ਦਿੱਤੀ ਗਈ ਹੈ ਕਿ ਇਨ੍ਹਾਂ ਦੇਸ਼ਾਂ ਦੀ ਰੂਸੀ ਊਰਜਾ 'ਤੇ ਨਿਰਭਰਤਾ ਲਗਾਤਾਰ ਘੱਟ ਰਹੀ ਹੈ ਅਤੇ ਉਨ੍ਹਾਂ ਦੀ ਖ਼ਰੀਦ ਉਨ੍ਹਾਂ ਦੀ ਕੁੱਲ ਲੋੜ ਦਾ ਇਕ ਸੀਮਤ ਹਿੱਸਾ ਹੀ ਹੈ। ਭਾਰਤ ਅਤੇ ਚੀਨ ਤੋਂ ਇਲਾਵਾ ਸਲੋਵਾਕੀਆ, ਹੰਗਰੀ ਅਤੇ ਅਜ਼ਰਬਾਇਜਾਨ ਵੀ ਇਸ ਪ੍ਰਸਤਾਵਿਤ 100 ਫੀਸਦੀ ਟੈਰਿਫ ਦੇ ਘੇਰੇ ਵਿਚ ਸ਼ਾਮਲ ਹਨ। ਕਨੈਕਟੀਕਟ ਤੋਂ ਡੈਮੋਕ੍ਰੇਟਿਕ ਸੈਨੇਟਰ ਰਿਚਰਡ ਬਲੂਮੈਂਥਲ ਨੇ ਕਿਹਾ ਕਿ ਇਸ ਨੂੰ ਸਿਰਫ਼ ਟੈਰਿਫ ਨਾਲ ਸਬੰਧਤ ਬਿੱਲ ਨਹੀਂ ਕਿਹਾ ਜਾ ਸਕਦਾ, ਸਗੋਂ ਇਸ ਦਾ ਉਦੇਸ਼ ਰੂਸ ਦੇ ਊਰਜਾ, ਵਿੱਤੀ ਅਤੇ ਰੱਖਿਆ ਖੇਤਰਾਂ 'ਤੇ ਵਿਆਪਕ ਆਰਥਿਕ ਦਬਾਅ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਡਿਊਟੀ ਮੁੱਖ ਤੌਰ 'ਤੇ ਰੂਸੀ ਤੇਲ ਦੇ 5 ਸਭ ਤੋਂ ਵੱਡੇ ਖ਼ਰੀਦਦਾਰ ਦੇਸ਼ਾਂ ਨੂੰ ਨਿਸ਼ਾਨਾ ਬਣਾਏਗੀ ਅਤੇ ਇਸ ਦੀ ਦਰ 100 ਫੀਸਦੀ ਤੱਕ ਹੋ ਸਕਦੀ ਹੈ। ਇਸ ਦੇ ਨਾਲ ਹੀ, ਇਸ ਵਿਚ ਛੋਟ ਦੇਣ ਦੀ ਵਿਵਸਥਾ ਵੀ ਬਹੁਤ ਸੀਮਤ ਰੱਖੀ ਗਈ ਹੈ। ਜੇ ਇਹ ਬਿੱਲ ਪਾਸ ਹੋ ਕੇ ਕਾਨੂੰਨ ਬਣ ਜਾਂਦਾ ਹੈ, ਤਾਂ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਅਮਰੀਕੀ ਕਾਂਗਰਸ ਕਿਸੇ ਹੋਰ ਦੇਸ਼ ਦੀਆਂ ਜੰਗੀ ਕੋਸ਼ਿਸ਼ਾਂ ਨੂੰ ਆਰਥਿਕ ਮਦਦ ਦੇਣ ਵਾਲੇ ਦੇਸ਼ਾਂ 'ਤੇ ਦਬਾਅ ਬਣਾਉਣ ਲਈ ਟੈਰਿਫ ਨੂੰ ਭੂ-ਸਿਆਸੀ ਹਥਿਆਰ ਵਜੋਂ ਵਰਤੇਗੀ। ਜ਼ਿਕਰਯੋਗ ਹੈ ਕਿ ਇਸ ਬਿੱਲ ਦੇ ਸ਼ੁਰੂਆਤੀ ਖਰੜੇ ਵਿਚ ਰੂਸ ਤੋਂ ਤੇਲ ਅਤੇ ਗੈਸ ਖ਼ਰੀਦਣ ਵਾਲੇ ਦੇਸ਼ਾਂ 'ਤੇ 500 ਫੀਸਦੀ ਤੱਕ ਟੈਰਿਫ ਲਗਾਉਣ ਦੀ ਤਜਵੀਜ਼ ਸੀ, ਜਿਸ ਨੂੰ ਬਾਅਦ ਵਿਚ ਸੋਧ ਕੇ 100 ਫੀਸਦੀ ਕਰ ਦਿੱਤਾ ਗਿਆ। ਕੈਪੀਟਲ ਹਿਲ ਵਿਚ ਆਯੋਜਿਤ ਪੱਤਰਕਾਰ ਸੰਮੇਲਨ ਵਿਚ ਰਿਪਬਲੀਕਨ ਅਤੇ ਡੈਮੋਕ੍ਰੇਟਿਕ ਸੰਸਦ ਮੈਂਬਰਾਂ ਨੇ ਸਾਂਝੇ ਤੌਰ 'ਤੇ ਇਸ ਬਿੱਲ ਦੇ ਉਦੇਸ਼ ਨੂੰ ਰੂਸ 'ਤੇ ਆਰਥਿਕ ਦਬਾਅ ਵਧਾਉਣ ਦੀ ਦਿਸ਼ਾ ਵਿਚ ਇਕ ਅਹਿਮ ਕਦਮ ਦੱਸਿਆ।

# ਅਲਬਰਟਾ ਦੇ ਅਪਾਰਟਮੈਂਟ 'ਚ ਵਾਪਰੇ ਭਿਆਨਕ ਅਗਨੀਕਾਂਡ 'ਚ ਬਜ਼ੁਰਗ ਪੰਜਾਬੀ ਜੋੜੇ ਦੀ ਮੌਤ

ਅਲਬਰਟਾ
ਸਾਂਝੀ ਸੋਚ ਬਿਊਰੋ



ਕੈਨੇਡਾ ਦੇ ਸੂਬੇ ਅਲਬਰਟਾ ਦੀ ਰਾਜਧਾਨੀ ਐਡਮਿੰਟਨ ਦੇ ਉੱਤਰੀ ਹਿੱਸੇ 'ਚ ਵਾਪਰੇ ਇੱਕ ਦਰਦਨਾਕ ਹਾਦਸੇ ਅਤੇ ਅਗਨੀਕਾਂਡ ਵਿਚ ਇੱਕ ਬਜ਼ੁਰਗ ਪੰਜਾਬੀ ਜੋੜੇ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ 85 ਸਾਲਾ ਮੇਜਰ ਸਿੰਘ ਭੰਡਾਲ ਅਤੇ ਉਨ੍ਹਾਂ ਦੀ ਪਤਨੀ 82 ਸਾਲਾ ਸੁਰਿੰਦਰਜੀਤ ਕੌਰ ਭੰਡਾਲ ਵਜੋਂ ਹੋਈ ਹੈ। ਪਿਛਲੇ 60 ਸਾਲਾਂ ਤੋਂ ਵੱਧ ਸਮੇਂ ਤੋਂ ਇੱਕ-ਦੂਜੇ ਦਾ ਸਾਥ ਨਿਭਾ ਰਿਹਾ ਇਹ ਜੋੜਾ ਇਸ ਦੁਨੀਆਂ ਤੋਂ ਵੀ ਇਕੱਠੇ ਹੀ ਰੁਖ਼ਸਤ ਹੋ ਗਿਆ। ਪੁਲਿਸ ਅਤੇ ਫਾਇਰ ਬ੍ਰਿਗੇਡ ਵਿਭਾਗ ਦੇ ਅਧਿਕਾਰੀਆਂ ਅਨੁਸਾਰ, ਇਹ ਹਾਦਸਾ ਸੋਮਵਾਰ ਰਾਤ ਕਰੀਬ 9:15 ਵਜੇ 82ਵੀਂ ਸਟਰੀਟ ਅਤੇ 132ਵੀਂ ਐਵਿਨਿਊ (ਕਿਲਾਰਨੀ ਇਲਾਕੇ) ਸਥਿਤ ਇੱਕ ਤਿੰਨ-ਮੰਜ਼ਿਲਾ ਅਪਾਰਟਮੈਂਟ ਵਿਚ ਵਾਪਰਿਆ। ਇੱਕ ਬੇਕਾਬੂ ਕਾਰ ਅਪਾਰਟਮੈਂਟ ਦੇ ਪਿਛਲੇ ਹਿੱਸੇ ਨਾਲ ਟਕਰਾ ਗਈ, ਜਿਸ ਕਾਰਨ ਉੱਥੋਂ ਲੰਘ ਰਹੀ ਗੈਸ ਦੀ ਮੁੱਖ ਪਾਈਪਲਾਈਨ ਫਟ ਗਈ। ਗੈਸ ਲੀਕ ਹੋਣ ਕਾਰਨ ਇੱਕ ਜ਼ਬਰਦਸਤ ਧਮਾਕਾ ਹੋਇਆ ਅਤੇ ਪੂਰੀ ਇਮਾਰਤ ਭਿਆਨਕ ਲਾਟਾਂ ਦੀ ਲਪੇਟ ਵਿਚ ਆ ਗਈ। ਪਰਿਵਾਰਕ ਮੈਂਬਰਾਂ ਮੁਤਾਬਕ, ਜਦੋਂ ਅੱਗ ਤੇਜ਼ੀ ਨਾਲ ਫੈਲੀ ਤਾਂ ਮੇਜਰ ਸਿੰਘ ਭੰਡਾਲ ਨੇ ਖ਼ੁਦ ਨੂੰ ਬਚਾਉਣ ਲਈ ਤੀਜੀ ਮੰਜ਼ਿਲ ਦੀ ਬਾਲਕੋਨੀ ਤੋਂ ਛਾਲ ਮਾਰ ਦਿੱਤੀ। ਹਾਲਾਂਕਿ, ਉਚਾਈ ਤੋਂ ਡਿੱਗਣ ਕਾਰਨ ਉਨ੍ਹਾਂ ਨੂੰ ਗੰਭੀਰ ਸੱਟਾਂ ਲੱਗੀਆਂ। ਮੌਕੇ 'ਤੇ ਪਹੁੰਚੇ ਪੈਰਾਮੈਡੀਕਲ ਸਟਾਫ਼ ਨੇ ਉਨ੍ਹਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਦੂਜੇ ਪਾਸੇ, ਉਨ੍ਹਾਂ ਦੀ ਪਤਨੀ ਸੁਰਿੰਦਰਜੀਤ ਕੌਰ ਭੰਡਾਲ ਅਪਾਰਟਮੈਂਟ ਦੇ ਅੰਦਰ ਹੀ ਫਸ ਗਏ ਅਤੇ ਬਾਹਰ ਨਹੀਂ ਨਿਕਲ ਸਕੇ। ਇਮਾਰਤ ਦੀ ਤਲਾਸ਼ੀ ਦੌਰਾਨ ਫਾਇਰ ਕਰਮਚਾਰੀਆਂ ਨੂੰ ਉਨ੍ਹਾਂ ਦੀ ਮ੍ਰਿਤਕ ਦੇਹ ਬਰਾਮਦ ਹੋਈ। ਪੁਲਿਸ ਨੇ ਦੋਵਾਂ ਦੀ ਮੌਤ ਦੀ ਅਧਿਕਾਰਤ ਪੁਸ਼ਟੀ ਕੀਤੀ ਹੈ। ਇਸ 16-ਸੂਈਟ ਵਾਲੀ ਇਮਾਰਤ ਵਿਚ ਲਗਪਗ 35 ਲੋਕ ਰਹਿੰਦੇ ਸਨ। ਕਈ ਪ੍ਰਭਾਵਿਤ ਪਰਿਵਾਰਾਂ ਨੂੰ ਕੈਨੇਡੀਅਨ ਰੈੱਡ ਕ੍ਰਾਸ ਵੱਲੋਂ ਸਹਾਇਤਾ ਦਿੱਤੀ ਜਾ ਰਹੀ ਹੈ। ਪਰਿਵਾਰ ਵੱਲੋਂ ਹਾਦਸੇ ਵਾਲੀ ਥਾਂ 'ਤੇ ਇੱਕ ਯਾਦਗਾਰ ਬਣਾਈ ਗਈ ਹੈ, ਜਿੱਥੇ ਵੱਡੀ ਗਿਣਤੀ ਵਿਚ ਸਥਾਨਕ ਲੋਕ ਪਹੁੰਚ ਕੇ ਸ਼ਰਧਾਂਜਲੀ ਭੇਟ ਕਰ ਰਹੇ ਹਨ। ਪੁਲਿਸ ਵੱਲੋਂ ਇਸ ਮਾਮਲੇ ਦੀ ਜਾਂਚ ਹੋਮੀਸਾਈਡ ਵਿਭਾਗ ਦੀ ਨਿਗਰਾਨੀ ਹੇਠ ਗੰਭੀਰਤਾ ਨਾਲ ਕੀਤੀ ਜਾ ਰਹੀ ਹੈ। ਕਾਰ ਦੇ 62 ਸਾਲਾ ਚਾਲਕ ਨੂੰ ਵੀ ਗੰਭੀਰ ਹਾਲਤ 'ਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

# ਅਮਰੀਕਾ ਵਿੱਚ 4 ਕਰੋੜ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ ਵਿੱਚ ਐਸਐਚਓ ਗ੍ਰਿਫ਼ਤਾਰ!

ਲੰਡਨ
ਸਾਂਝੀ ਸੋਚ ਬਿਊਰੋ



ਹੁਸ਼ਿਆਰਪੁਰ ਦੇ ਟਾਂਡਾ ਪੁਲਿਸ ਸਟੇਸ਼ਨ ਦੇ ਐਸਐਚਓ ਗੁਰਿੰਦਰਜੀਤ ਸਿੰਘ ਨਾਗਰਾ, ਜਿਸਨੂੰ ਐਫਬੀਆਈ ਦੇ ਆਪ੍ਰੇਸ਼ਨ ਹਾਰਡਬਾਲ ਦੌਰਾਨ ਅਮਰੀਕਾ ਵਿੱਚ ਇੱਕ ਪਰਿਵਾਰ ਤੋਂ 4 ਕਰੋੜ ਰੁਪਏ ਮੰਗਣ ਦੇ ਦੋਸ਼ ਤੋਂ ਬਾਅਦ ਲਾਈਨ 'ਤੇ ਰੱਖਿਆ ਗਿਆ ਸੀ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਐਫਬੀਆਈ ਦੇ ਆਪ੍ਰੇਸ਼ਨ ਹਾਰਡਬਾਲ ਦੌਰਾਨ ਫਿਰੌਤੀ ਦੇ ਮਾਮਲੇ ਵਿੱਚ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਵਰਗੇ ਗੈਂਗਸਟਰਾਂ ਦੇ ਨਾਲ ਨਾਗਰਾ ਦਾ ਨਾਮ ਵੀ ਸਾਹਮਣੇ ਆਇਆ ਸੀ। ਇਸ ਦਾ ਨੋਟਿਸ ਲੈਂਦੇ ਹੋਏ, ਡੀਆਈਜੀ ਨਵੀਨ ਸਿੰਗਲਾ ਨੇ ਤੁਰੰਤ ਗੁਰਿੰਦਰਜੀਤ ਨਾਗਰਾ ਨੂੰ ਲਾਈਨ 'ਤੇ ਰੱਖਿਆ ਅਤੇ ਜਾਂਚ ਸੁਪਰਡੈਂਟ ਆਫ਼ ਪੁਲਿਸ ਵਿਨੀਤ ਅਹਲਾਵਤ ਨੂੰ ਸੌਂਪੀ ਗਈ। ਜਾਂਚ ਤੋਂ ਬਾਅਦ, ਇੰਸਪੈਕਟਰ ਨਾਗਰਾ ਵਿਰੁੱਧ ਦੇਰ ਰਾਤ ਫਿਰੌਤੀ ਅਤੇ ਭ੍ਰਿਸ਼ਟਾਚਾਰ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ, ਅਤੇ ਪੁਲਿਸ ਨੇ ਟਾਂਡਾ ਪੁਲਿਸ ਸਟੇਸ਼ਨ ਵਿੱਚ ਦਰਜ ਮਾਮਲੇ ਦੇ ਸਬੰਧ ਵਿੱਚ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹ ਉਸ ਤੋਂ ਇਸ ਮਾਮਲੇ 'ਚ ਪੁੱਛਗਿੱਛ ਕੀਤੀ ਜਾਵੇਗੀ।

# ਬੀਸੀਸੀਆਈ ਨੇ ਰੋਹਿਤ ਸ਼ਰਮਾ ਦੇ ਸੰਨਿਆਸ ਨੂੰ ਲੈ ਕੇ ਦਿੱਤਾ ਵੱਡਾ ਬਿਆਨ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਨੇ ਕਪਤਾਨ ਰੋਹਿਤ ਸ਼ਰਮਾ ਦੇ ਸੰਨਿਆਸ ਬਾਰੇ ਅਟਕਲਾਂ ਨੂੰ ਖਾਰਜ ਕਰ ਦਿੱਤਾ ਹੈ। ਦਰਅਸਲ ਇੰਗਲੈਂਡ ਦੌਰੇ 'ਤੇ ਰੋਹਿਤ ਸ਼ਰਮਾ ਦੇ ਪ੍ਰਦਰਸ਼ਨ ਤੋਂ ਬਾਅਦ ਖਬਰਾਂ ਚੱਲ ਰਹੀਆਂ ਸਨ ਕਿ ਰੋਹਿਤ ਸ਼ਰਮਾ ਸਨਿਆਸ ਲੈ ਸਕਦੇ ਹਨ। ਰੋਹਿਤ ਪਹਿਲੇ ਦੋ ਵਨਡੇ ਮੈਚਾਂ ਵਿੱਚ ਸਿਰਫ 11 ਅਤੇ 26 ਦੌੜਾਂ ਹੀ ਬਣਾ ਸਕਿਆ ਸੀ ਅਤੇ ਉਹ ਐਤਵਾਰ ਨੂੰ ਇੰਗਲੈਂਡ ਖਿਲਾਫ ਆਪਣਾ ਆਖਰੀ ਮੈਚ ਖੇਡ ਕੇ ਸਨਿਆਸ ਲੈ ਸਕਦੇ ਹਨ। ਪਰ ਹੁਣ ਇਸ ਸੰਬੰਧੀ ਬੀਸੀਸੀਆਈ ਸਕੱਤਰ ਦੇਵਜੀਤ ਸੈਕੀਆ ਨੇ ਕਿਹਾ ਕਿ ਐਤਵਾਰ ਨੂੰ ਲਾਰਡਜ਼ ਵਿਖੇ ਇੰਗਲੈਂਡ ਵਿਰੁੱਧ ਤੀਜਾ ਵਨਡੇ ਰੋਹਿਤ ਸ਼ਰਮਾ ਦਾ ਆਖਰੀ ਅੰਤਰਰਾਸ਼ਟਰੀ ਮੈਚ ਨਹੀਂ ਹੋਵੇਗਾ। ਸੈਕੀਆ ਨੇ ਪੀਟੀਆਈ ਨੂੰ ਦੱਸਿਆ, "ਰੋਹਿਤ ਦੇ ਭਵਿੱਖ ਬਾਰੇ ਮੀਡੀਆ ਵਿੱਚ ਬਹੁਤ ਸਾਰੀਆਂ ਅਟਕਲਾਂ ਚੱਲ ਰਹੀਆਂ ਹਨ। ਮੈਂ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਇਸ ਬਾਰੇ ਕੋਈ ਚਰਚਾ ਨਹੀਂ ਹੋਈ ਹੈ ਕਿ ਰੋਹਿਤ ਐਤਵਾਰ ਨੂੰ ਲਾਰਡਜ਼ ਵਿਖੇ ਆਪਣਾ ਆਖਰੀ ਮੈਚ ਖੇਡੇਗਾ।" ਉਨ੍ਹਾਂ ਅੱਗੇ ਕਿਹਾ ਕਿ ਰੋਹਿਤ ਭਾਰਤ ਲਈ ਖੇਡਣਾ ਜਾਰੀ ਰੱਖੇਗਾ। ਇਸ ਤੋਂ ਪਹਿਲਾਂ, ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ 19 ਜੁਲਾਈ ਨੂੰ ਲਾਰਡਜ਼ ਵਿਖੇ ਇੰਗਲੈਂਡ ਵਿਰੁੱਧ ਤੀਜਾ ਵਨਡੇ ਰੋਹਿਤ ਸ਼ਰਮਾ ਦਾ ਆਖਰੀ ਅੰਤਰਰਾਸ਼ਟਰੀ ਮੈਚ ਹੋ ਸਕਦਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੀਸੀਸੀਆਈ ਨੇ ਰੋਹਿਤ ਨੂੰ ਸੂਚਿਤ ਕੀਤਾ ਹੈ ਕਿ ਉਹ 2027 ਵਨਡੇ ਵਿਸ਼ਵ ਕੱਪ ਦੀ ਯੋਜਨਾ ਦਾ ਹਿੱਸਾ ਨਹੀਂ ਹੈ।




CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

GHUMAN
LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ

## BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ






**GHUMAN LAW GROUP**
**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# 80 ਕਰੋੜ ਰੁਪਏ ਦੀ ਲਾਗਤ ਨਾਲ ਕਾਲੀ ਮੰਦਰ ਦਾ ਸ਼ਾਨਦਾਰ ਨਵੀਨੀਕਰਨ ਮੁਕੰਮਲ ਹੋਣ ਦੇ ਨੇੜੇ

# ਅੰਮ੍ਰਿਤਸਰ ਵਿੱਚ ਭਗਵਾਨ ਵਾਲਮੀਕਿ ਮੰਦਰ ਦੇ ਨਾਲ ਬਣੇਗਾ ਸ਼ਾਨਦਾਰ ਸੀਤਾ ਮਾਤਾ ਅਤੇ ਲਵ ਕੁਸ਼ ਮੰਦਰ: ਅਰਵਿੰਦ ਕੇਜਰੀਵਾਲ

ਪਠਾਨਕੋਟ
ਰਜਿੰਦਰ ਸਿੰਘ ਰਾਜਨ

ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਠਾਨਕੋਟ ਵਿੱਖੇ ਇੱਥੇ 'ਇੱਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਭਜਨ ਸੰਧਿਆ ਵਿੱਚ ਹਜ਼ਾਰਾਂ ਸ਼ਰਧਾਲੂਆਂ ਨਾਲ ਸ਼ਾਮਲ ਹੋਏ। ਹਰ ਧਰਮ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ 'ਆਪ' ਮੁਖੀ ਨੇ ਕਿਹਾ ਕਿ ਪੰਜਾਬ ਸਾਰੇ ਧਰਮਾਂ ਦੀ ਅਮੀਰ ਅਧਿਆਤਮਿਕ ਵਿਰਾਸਤ ਦੇ ਨਾਲ-ਨਾਲ ਸਨਾਤਨ ਪਰੰਪਰਾਵਾਂ ਨੂੰ ਮਨਾਉਣ ਦੇ ਯਤਨਾਂ ਦਾ ਗਵਾਹ ਬਣ ਰਿਹਾ ਹੈ।



ਇਕੱਠ ਨੂੰ ਸੰਬੋਧਨ ਕਰਦਿਆਂ 'ਆਪ' ਮੁਖੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ, ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਦੀਆਂ ਚੱਲ ਰਹੀਆਂ ਤਿਆਰੀਆਂ, ਜਸ਼ਨਾਂ, 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਦੇ ਵਿਸਥਾਰ ਅਤੇ ਪਟਿਆਲਾ ਦੇ ਇਤਿਹਾਸਕ ਕਾਲੀ ਮਾਤਾ ਮੰਦਰ ਦੇ ਪੁਨਰ-ਵਿਕਾਸ ਦਾ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਰੇ 22 ਜ਼ਿਲ੍ਹਿਆਂ ਵਿੱਚ 'ਇੱਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਪ੍ਰੋਗਰਾਮ ਕਰਵਾਏ ਜਾ ਰਹੇ ਹਨ ਅਤੇ ਲੋਕ ਖ਼ੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ ਕਿ ਸੂਬੇ ਵਿੱਚ ਪਹਿਲੀ ਵਾਰ ਸਨਾਤਨ ਧਰਮ ਲਈ ਇੰਨੇ ਵੱਡੇ ਪੱਧਰ 'ਤੇ ਪ੍ਰੋਗਰਾਮ ਕਰਵਾਏ ਜਾ ਰਹੇ ਹਨ।

ਭਜਨ ਸੰਧਿਆ ਵਿੱਚ ਸ਼ਰਧਾਲੂਆਂ ਦਾ ਸਵਾਗਤ ਕਰਦਿਆਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ, "ਅੱਜ ਤੁਸੀਂ ਸਾਰੇ ਇੱਥੇ ਇੰਨੀ ਵੱਡੀ ਗਿਣਤੀ ਵਿੱਚ ਸ਼ਿਵ ਜੀ ਦੇ ਭਜਨ ਸੁਣਨ ਅਤੇ ਭਗਤੀ ਵਿੱਚ ਲੀਨ ਹੋਣ ਲਈ ਇਕੱਠੇ ਹੋਏ ਹੋ। ਤੁਹਾਡਾ ਉਤਸ਼ਾਹ ਅਤੇ ਖ਼ੁਸ਼ੀ ਦੇਖ ਕੇ ਬਹੁਤ ਚੰਗਾ ਲੱਗ ਰਿਹਾ ਹੈ। ਮੈਂ ਇਹ ਵੀ ਦੇਖ ਰਿਹਾ ਹਾਂ ਕਿ ਕਈ ਮਾਵਾਂ, ਭੈਣਾਂ ਅਤੇ ਬੇਟੀਆਂ ਵੀ ਸਾਡੇ ਨਾਲ ਜੁੜੀਆਂ ਹਨ।"

ਮਾਵਾਂ-ਧੀਆਂ ਸਤਿਕਾਰ ਯੋਜਨਾ ਬਾਰੇ ਵੱਡਾ ਐਲਾਨ ਕਰਨ ਤੋਂ ਪਹਿਲਾਂ 'ਆਪ' ਸੁਪਰੀਮੋ ਨੇ ਕਿਹਾ, "ਮੈਂ ਦੇਖ ਸਕਦਾ ਹਾਂ ਕਿ ਤੁਹਾਡੇ ਵਿੱਚੋਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਆਪਣੇ ਬੈਂਕ ਖਾਤਿਆਂ ਵਿੱਚ 3,000 ਰੁਪਏ ਪ੍ਰਾਪਤ ਕਰਨ ਤੋਂ ਬਾਅਦ ਹੱਥ ਖੜ੍ਹੇ ਕੀਤੇ ਹਨ। ਹੁਣ ਮੈਨੂੰ ਦੇਖਣ ਦਿਓ, ਤੁਹਾਡੇ ਵਿੱਚੋਂ ਕਿੰਨੇ ਅਜਿਹੇ ਹਨ, ਜਿਨ੍ਹਾਂ ਨੇ ਆਪਣੀ ਰਜਿਸਟ੍ਰੇਸ਼ਨ ਪੂਰੀ ਕਰ ਲਈ ਹੈ ਪਰ ਅਜੇ ਤੱਕ ਪੈਸੇ ਨਹੀਂ ਮਿਲੇ? ਮੇਰੇ ਕੋਲ ਤੁਹਾਡੇ ਲਈ ਇੱਕ ਖ਼ੁਸ਼ਖ਼ਬਰੀ ਹੈ। ਮੈਂ ਹੁਣੇ ਹੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲ ਕਰ ਰਿਹਾ ਸੀ। ਪਹਿਲੀ ਅਗਸਤ ਨੂੰ ਭਗਵੰਤ ਮਾਨ ਪਠਾਨਕੋਟ ਆਉਣਗੇ ਅਤੇ ਇਹ ਰਾਸ਼ੀ ਸਿੱਧੀ ਤੁਹਾਡੇ ਖਾਤਿਆਂ ਵਿੱਚ ਟ੍ਰਾਂਸਫਰ ਕਰ ਦਿੱਤੀ ਜਾਵੇਗੀ। ਹਰ ਉਹ ਵਿਅਕਤੀ ਜਿਸ ਦੀ ਰਜਿਸਟ੍ਰੇਸ਼ਨ ਮੁਕੰਮਲ ਹੋ ਚੁੱਕੀ ਹੈ ਪਰ ਭੁਗਤਾਨ ਅਜੇ ਬਾਕੀ ਹੈ, ਉਸ ਨੂੰ ਵੀ 1 ਅਗਸਤ ਨੂੰ ਆਪਣੇ ਬੈਂਕ ਖਾਤੇ ਵਿੱਚ ਪੈਸੇ ਮਿਲ ਜਾਣਗੇ।"

ਧੰਨਵਾਦ ਪ੍ਰਗਟ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, "ਗੁਰੂ ਸਾਹਿਬ ਦੀ ਕਿਰਪਾ ਹੈ ਕਿ ਸਾਨੂੰ ਭਗਵੰਤ ਮਾਨ ਵਰਗਾ ਇਮਾਨਦਾਰ ਮੁੱਖ ਮੰਤਰੀ ਮਿਲਿਆ ਹੈ। ਮੈਨੂੰ ਯਾਦ ਹੈ ਕਿ ਪਿਛਲੇ ਹਰ ਮੁੱਖ ਮੰਤਰੀ ਅਤੇ ਉਨ੍ਹਾਂ ਦੇ ਮੰਤਰੀਆਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਪਹਿਲੀ ਵਾਰ ਪੰਜਾਬ ਨੂੰ ਅਜਿਹਾ ਮੁੱਖ ਮੰਤਰੀ ਮਿਲਿਆ ਹੈ, ਜਿਸ 'ਤੇ ਕੋਈ ਇੱਕ ਰੁਪਏ ਦੇ ਭ੍ਰਿਸ਼ਟਾਚਾਰ ਦਾ ਦੋਸ਼ ਵੀ ਨਹੀਂ ਲਗਾ ਸਕਦਾ। ਕੋਈ ਵੀ ਉਨ੍ਹਾਂ 'ਤੇ, ਉਨ੍ਹਾਂ ਦੇ ਪਰਿਵਾਰ ਜਾਂ ਉਨ੍ਹਾਂ ਦੇ ਕਿਸੇ ਮੰਤਰੀ 'ਤੇ ਇੱਕ ਰੁਪਏ ਦੇ ਭ੍ਰਿਸ਼ਟਾਚਾਰ ਦਾ ਦੋਸ਼ ਨਹੀਂ ਲਗਾ ਸਕਦਾ। ਇੱਕ-ਇੱਕ ਰੁਪਿਆ ਬਚਾਅ ਕੇ ਉਨ੍ਹਾਂ ਨੇ ਤੁਹਾਡੇ ਲਈ ਬਿਜਲੀ ਮੁਫ਼ਤ ਕੀਤੀ, 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਦਿੱਤਾ, ਤੁਹਾਡੇ ਲਈ 'ਤੀਰਥ ਯਾਤਰਾਵਾਂ' ਦਾ ਪ੍ਰਬੰਧ ਕੀਤਾ ਅਤੇ ਹੁਣ ਹਰ ਮਹੀਨੇ ਤੁਹਾਡੇ ਖਾਤਿਆਂ ਵਿੱਚ 1,000 ਰੁਪਏ ਜਮ੍ਹਾਂ ਕਰਵਾ ਰਹੇ ਹਨ।"

ਸਰਕਾਰ ਦੇ ਧਾਰਮਿਕ ਉਪਰਾਲਿਆਂ 'ਤੇ ਚਾਨਣਾ ਪਾਉਂਦਿਆਂ 'ਆਪ' ਮੁਖੀ ਨੇ ਜ਼ੋਰ ਦੇ ਕੇ ਕਿਹਾ, "ਤੁਸੀਂ ਸਾਰੇ ਅੱਜ ਇੱਥੇ ਇੰਨੀ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਹੋ। ਪੂਰੇ ਪੰਜਾਬ ਵਿੱਚ ਇਹ 'ਇੱਕ ਸ਼ਾਮ ਭਗਵਾਨ ਸ਼ਿਵ ਕੇ ਨਾਮ' ਭਜਨ ਸੰਧਿਆਵਾਂ ਕਰਵਾਈਆਂ ਜਾ ਰਹੀਆਂ ਹਨ। ਮੈਂ ਪਹਿਲਾਂ ਹੀ ਅੰਮ੍ਰਿਤਸਰ, ਜਲੰਧਰ ਅਤੇ ਕਈ ਹੋਰ ਸ਼ਹਿਰਾਂ ਦਾ ਦੌਰਾ ਕਰ ਚੁੱਕਾ ਹਾਂ।

ਮੁੱਖ ਮੰਤਰੀ ਭਗਵੰਤ ਮਾਨ ਵੀ ਕਈ ਥਾਵਾਂ 'ਤੇ ਮੇਰੇ ਨਾਲ ਸ਼ਾਮਲ ਹੁੰਦੇ ਹਨ। 22 ਸ਼ਹਿਰਾਂ ਵਿੱਚ ਸ਼ਿਵ ਜੀ ਭਜਨ ਸੰਧਿਆਵਾਂ ਕਰਵਾਈਆਂ ਜਾ ਰਹੀਆਂ



ਹਨ। ਪੰਜਾਬ ਵਿੱਚ ਇਹ ਪਹਿਲੀ ਵਾਰ ਹੈ ਕਿ ਕਿਸੇ ਸਰਕਾਰ ਜਾਂ ਸਿਆਸੀ ਪਾਰਟੀ ਨੇ ਸਨਾਤਨ ਧਰਮ ਲਈ ਇੰਨੇ ਵੱਡੇ ਪੱਧਰ 'ਤੇ ਕੰਮ ਕੀਤਾ ਹੈ।"

ਤੀਰਥ ਯਾਤਰਾ ਸਕੀਮ ਦੇ ਵਿਸਥਾਰ ਦਾ ਐਲਾਨ ਕਰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, "ਮੇਰੇ ਕੋਲ ਤੁਹਾਡੇ ਲਈ ਇੱਕ ਹੋਰ ਖ਼ੁਸ਼ਖ਼ਬਰੀ ਹੈ। ਸਾਡੀ 'ਮੁੱਖ ਮੰਤਰੀ ਤੀਰਥ ਯਾਤਰਾ' ਸਕੀਮ ਪਹਿਲਾਂ ਹੀ ਦੋ ਰੂਟਾਂ ਨਾਲ ਚੱਲ ਰਹੀ ਹੈ। ਇੱਕ ਰੂਟ ਸ੍ਰੀ ਦਰਬਾਰ ਸਾਹਿਬ ਅਤੇ ਦੂਜਾ ਸ੍ਰੀ ਅਨੰਦਪੁਰ ਸਾਹਿਬ ਜਾਂਦਾ ਹੈ। ਪਹਿਲੀ ਅਗਸਤ ਤੋਂ ਤਿੰਨ ਹੋਰ ਰੂਟ ਸ਼ੁਰੂ ਹੋਣਗੇ। ਖਾਟੂ ਸ਼ਿਆਮ ਜੀ ਅਤੇ ਸਾਲਾਸਰ ਜੀ ਦੇ ਰੂਟ ਸ਼ੁਰੂ ਹੋਣਗੇ। ਇੱਕ ਹੋਰ ਰੂਟ ਹਰਿਦੁਆਰ ਅਤੇ ਰਿਸ਼ੀਕੇਸ਼ ਲਈ ਅਤੇ ਇੱਕ ਹੋਰ ਮਥੁਰਾ ਅਤੇ ਵ੍ਰਿੰਦਾਵਨ ਲਈ ਸ਼ੁਰੂ ਹੋਵੇਗਾ। ਤੁਸੀਂ ਸਾਰਿਆਂ ਨੂੰ ਜ਼ਰੂਰ ਜਾਣਾ ਚਾਹੀਦਾ ਹੈ। ਅਸੀਂ 1.5 ਲੱਖ ਸ਼ਰਧਾਲੂਆਂ ਲਈ ਪ੍ਰਬੰਧ ਕੀਤੇ ਹਨ, ਜੋ ਇਨ੍ਹਾਂ ਤਿੰਨਾਂ ਰੂਟਾਂ 'ਤੇ ਤੀਰਥ ਯਾਤਰਾ ਕਰਨਗੇ।"

'ਆਪ' ਸੁਪਰੀਮੋ ਨੇ ਆਪਣੀ ਗੱਲ ਜਾਰੀ ਰੱਖਦਿਆਂ ਕਿਹਾ, "ਕੀ ਤੁਸੀਂ ਪਟਿਆਲਾ ਦੇ ਕਾਲੀ ਮੰਦਰ ਦੇ ਦਰਸ਼ਨ ਕੀਤੇ ਹਨ? ਉਸ ਮੰਦਰ ਪ੍ਰਤੀ ਲੋਕਾਂ ਦੀ ਬਹੁਤ ਸ਼ਰਧਾ ਹੈ। ਲੋਕ ਕਹਿੰਦੇ ਹਨ ਕਿ ਉੱਥੇ ਤੁਸੀਂ ਜੋ ਵੀ ਮੰਨਤ ਮੰਗਦੇ ਹੋ, ਉਹ ਕਾਲੀ ਮਾਤਾ ਪੂਰੀ ਕਰਦੀ ਹੈ, ਜੋ ਸਾਰੇ ਦੁੱਖ ਦੂਰ



ਕਰਦੀ ਹੈ। ਪੂਰੇ ਉੱਤਰੀ ਭਾਰਤ ਵਿੱਚ ਇਸ ਦੀ ਮਾਨਤਾ ਹੈ। ਮੁੱਖ ਮੰਤਰੀ ਭਗਵੰਤ ਮਾਨ 80 ਕਰੋੜ ਰੁਪਏ ਦੀ ਲਾਗਤ ਨਾਲ ਪੂਰੇ ਕਾਲੀ ਮਾਤਾ ਮੰਦਰ ਦਾ ਨਵੀਨੀਕਰਨ ਕਰਵਾ ਰਹੇ ਹਨ। ਇਹ ਕੰਮ ਅਕਤੂਬਰ ਤੱਕ ਮੁਕੰਮਲ ਹੋ ਜਾਵੇਗਾ। ਉਸ ਤੋਂ ਬਾਅਦ ਤੁਸੀਂ ਸਾਰੇ ਜ਼ਰੂਰ ਜਾਓ, ਕਾਲੀ ਮਾਤਾ ਅੱਗੇ ਸੀਸ ਝੁਕਾਓ, ਉਨ੍ਹਾਂ ਦਾ ਆਸ਼ੀਰਵਾਦ ਲਓ, ਆਪਣੇ ਪਰਿਵਾਰਾਂ ਨੂੰ ਖ਼ੁਸ਼ ਰੱਖੋ ਅਤੇ ਆਪਣੀਆਂ ਮੁਰਾਦਾਂ ਪੂਰੀਆਂ ਕਰੋ।"

ਇੱਕ ਹੋਰ ਵੱਡੇ ਧਾਰਮਿਕ ਪ੍ਰਾਜੈਕਟ ਦਾ ਹਵਾਲਾ ਦਿੰਦਿਆਂ ਅਰਵਿੰਦ ਕੇਜਰੀਵਾਲ ਨੇ ਕਿਹਾ, "ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ, ਅੰਮ੍ਰਿਤਸਰ ਵਿੱਚ ਭਗਵਾਨ ਵਾਲਮੀਕਿ ਮੰਦਰ ਹੈ। ਇਹ ਮੰਨਿਆ ਜਾਂਦਾ ਹੈ ਕਿ ਭਗਵਾਨ ਵਾਲਮੀਕਿ ਉੱਥੇ ਰਹਿੰਦੇ ਸਨ, ਉੱਥੇ ਰਾਮਾਇਣ ਲਿਖੀ ਸੀ, ਸੀਤਾ ਮਾਤਾ ਉੱਥੇ ਰਹੇ ਸਨ ਅਤੇ ਲਵ ਤੇ ਕੁਸ਼ ਦਾ ਜਨਮ ਅਤੇ ਵਿੱਦਿਆ ਉੱਥੇ ਹੀ ਹੋਈ ਸੀ। ਉੱਥੇ ਹੀ ਲਵ ਅਤੇ ਕੁਸ਼ ਨੇ ਭਗਵਾਨ ਰਾਮ ਦੇ ਅਸ਼ਵਮੇਧ ਘੋੜੇ ਨੂੰ ਰੋਕ ਕੇ ਇੱਕ ਦਰੱਖਤ ਨਾਲ ਬੰਨ੍ਹ ਦਿੱਤਾ ਸੀ। ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਭਗਵਾਨ ਵਾਲਮੀਕਿ ਮੰਦਰ ਦੇ ਨਾਲ ਹੀ ਸੀਤਾ ਮਾਤਾ ਅਤੇ ਲਵ ਕੁਸ਼ ਨੂੰ ਸਮਰਪਿਤ ਸ਼ਾਨਦਾਰ ਮੰਦਰ ਬਣਾਇਆ ਜਾਵੇਗਾ।"

ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਗਵਾਨ ਸ਼ਿਵ ਦੇ ਚਰਨਾਂ ਵਿੱਚ ਸੀਸ ਨਿਵਾਇਆ ਅਤੇ ਸਭ ਦਾ ਸਵਾਗਤ ਕੀਤਾ।

ਉਨ੍ਹਾਂ ਕਿਹਾ ਕਿ ਭਗਵਾਨ ਸ਼ਿਵ ਵਿੱਚ ਸ਼ਰਧਾ ਰੱਖਣ ਵਾਲੇ ਲੋਕ ਇਸ ਮੌਕੇ ਭਗਤੀ ਵਿੱਚ ਲੀਨ ਹੋਣ ਲਈ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਵੱਲੋਂ ਇਸ ਪ੍ਰੋਗਰਾਮ ਵਿੱਚ ਪਹੁੰਚਣ ਲਈ ਪੁੱਟਿਆ ਗਿਆ ਹਰ ਕਦਮ ਸਤਿਕਾਰ ਦੇ ਯੋਗ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਧਰਤੀ ਬਹੁਤ ਉਪਜਾਊ ਹੈ ਅਤੇ ਇੱਥੇ ਬੀਜਿਆ ਹਰ ਬੀਜ ਉੱਗਦਾ ਹੈ ਪਰ ਇੱਕ ਬੀਜ ਅਜਿਹਾ ਹੈ ਜੋ ਪੰਜਾਬ ਵਿੱਚ ਕਦੇ ਨਹੀਂ ਉੱਗ ਸਕਦਾ ਅਤੇ ਉਹ ਹੈ ਨਫ਼ਰਤ ਦਾ ਬੀਜ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭਾਈਚਾਰਕ ਸਾਂਝ ਬਹੁਤ ਮਜ਼ਬੂਤ ਹੈ ਅਤੇ ਸਾਡਾ ਸਮਾਜਿਕ ਰਿਸ਼ਤਾ ਵੀ ਓਨਾ ਹੀ ਪੀਡਾ ਹੈ। ਪੰਜਾਬ ਦੇ ਤਿਉਹਾਰ ਅਤੇ ਪਰੰਪਰਾਵਾਂ ਸਭ ਦੀਆਂ ਸਾਂਝੀਆਂ ਹਨ। ਸਾਡੀ ਰਾਮ ਨੌਮੀ ਸਾਰਿਆਂ ਦੀ ਸਾਂਝੀ ਹੈ, ਸਾਡੇ ਗੁਰਪੁਰਬ ਸਾਰਿਆਂ ਦੇ ਸਾਂਝੇ ਹਨ, ਸਾਡੀ ਹਨੂਮਾਨ ਜੈਅੰਤੀ ਸਾਰਿਆਂ ਦੀ ਸਾਂਝੀ ਹੈ, ਸਾਡੀ ਈਦ ਸਾਰਿਆਂ ਦੀ ਸਾਂਝੀ ਹੈ, ਸਾਡੇ ਸ਼ਹੀਦੀ ਦਿਹਾੜੇ ਸਾਰਿਆਂ ਦੇ ਸਾਂਝੇ ਹਨ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਗ਼ਦਰ ਬਾਬੇ ਅਤੇ ਲਾਲਾ ਲਾਜਪਤ ਰਾਏ ਸਾਡੇ ਸਾਰਿਆਂ ਦੇ ਹਨ। ਅਸੀਂ ਸਾਰੇ ਮਿਲਜੁਲ ਕੇ ਰਹਿੰਦੇ ਹਾਂ।

ਮੁੱਖ ਮੰਤਰੀ ਨੇ ਕਿਹਾ ਕਿ ਇੰਨਾ ਵੱਡਾ ਇਕੱਠ ਦੇਖ ਕੇ ਉਨ੍ਹਾਂ ਨੂੰ ਬਹੁਤ ਸਕੂਨ ਮਿਲਿਆ ਹੈ, ਜਿਸ ਵਿੱਚ ਕਈ ਅਜਿਹੇ ਲੋਕ ਵੀ ਸ਼ਾਮਲ ਹਨ ਜੋ ਸ਼ਾਇਦ ਪਹਿਲਾਂ ਕਦੇ ਅਜਿਹੇ ਸਮਾਗਮ ਵਿੱਚ ਸ਼ਾਮਲ ਨਹੀਂ ਹੋਏ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਲੋਕਾਂ ਨੂੰ ਆਪਣੇ ਬੱਚਿਆਂ ਸਮੇਤ ਪੈਦਲ ਹੀ



ਸਮਾਗਮ ਵਾਲੀ ਥਾਂ ਵੱਲ ਜਾਂਦਿਆਂ ਲੰਬੀਆਂ ਕਤਾਰਾਂ ਦੇਖੀਆਂ ਹਨ ਅਤੇ ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਪਹਿਲਾਂ ਅਜਿਹੇ ਪ੍ਰੋਗਰਾਮ ਦੇਖਣ ਨੂੰ ਨਹੀਂ ਮਿਲੇ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਠਾਨਕੋਟ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਲੋਕਾਂ ਦੀ ਸੇਵਾ ਵਿੱਚ ਕਦੇ ਵੀ ਕੋਈ ਕਮੀ ਨਹੀਂ ਆਉਣ ਦੇਵੇਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਰ-ਵਾਰ ਦਾਅਵਾ ਕਰਦੀਆਂ ਸਨ ਕਿ ਖ਼ਜ਼ਾਨਾ ਖਾਲੀ ਹੈ, ਪਰ ਉਨ੍ਹਾਂ ਨੇ ਆਪਣੀ ਸਵਾ ਚਾਰ ਸਾਲਾਂ ਦੀ ਸਰਕਾਰ ਦੌਰਾਨ ਕਦੇ ਵੀ ਅਜਿਹਾ ਬਿਆਨ ਨਹੀਂ ਦਿੱਤਾ। ਉਨ੍ਹਾਂ ਕਿਹਾ, "ਖ਼ਜ਼ਾਨਾ ਹਮੇਸ਼ਾ ਲੋਕਾਂ ਲਈ ਖੁੱਲ੍ਹਾ ਹੈ ਕਿਉਂਕਿ ਖ਼ਜ਼ਾਨਾ ਲੋਕਾਂ ਦਾ ਹੈ। ਚੋਰ-ਮੋਰੀਆਂ ਅਤੇ ਫ਼ਜ਼ੂਲਖ਼ਰਚੀ ਨੂੰ ਰੋਕਣਾ ਮੇਰਾ ਫਰਜ਼ ਹੈ। ਪਹਿਲਾਂ ਇਹ ਪੈਸਾ ਆਗੂਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੀਆਂ ਜੇਬਾਂ ਵਿੱਚ ਜਾਂਦਾ ਸੀ। ਅਸੀਂ ਉਨ੍ਹਾਂ ਲੀਕੇਜ ਨੂੰ ਬੰਦ ਕਰ ਦਿੱਤਾ ਹੈ।"

ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਵਿੱਚ ਸੜਕਾਂ ਬਣਾਈਆਂ ਜਾ ਰਹੀਆਂ ਹਨ, ਕਰੀਬ 68,000 ਨੌਜਵਾਨ ਮੁੰਡੇ-ਕੁੜੀਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ, ਆਮ ਲੋਕਾਂ ਨੂੰ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਮਿਲ ਰਿਹਾ ਹੈ ਅਤੇ 'ਮਾਵਾਂ ਧੀਆਂ ਸਤਕਾਰ ਯੋਜਨਾ' ਤਹਿਤ ਔਰਤਾਂ ਨੂੰ ਸਨਮਾਨ ਰਾਸ਼ੀ ਵਜੋਂ 1,000 ਰੁਪਏ ਅਤੇ 1,500 ਰੁਪਏ ਮਿਲ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪ੍ਰਾਪਤੀਆਂ ਇਸ ਲਈ ਅਹਿਮ ਹਨ ਕਿਉਂਕਿ ਖ਼ਜ਼ਾਨਾ, ਬਿਜਲੀ ਦੇ ਖੰਭੇ ਅਤੇ ਪਾਵਰ ਗਰਿੱਡ ਪਹਿਲਾਂ ਵੀ ਉਹੀ ਸਨ। ਉਨ੍ਹਾਂ ਕਿਹਾ, "ਅੱਜ, 90% ਘਰਾਂ ਨੂੰ ਜ਼ੀਰੋ ਬਿਜਲੀ ਦੇ ਬਿੱਲ ਆ ਰਹੇ ਹਨ।"

ਮੁੱਖ ਮੰਤਰੀ ਨੇ ਲੋਕਾਂ ਵੱਲੋਂ ਦਿੱਤੇ ਪਿਆਰ-ਸਤਿਕਾਰ ਲਈ ਇੱਕ ਵਾਰ ਫਿਰ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦਾ ਇਹ ਪਿਆਰ ਦਰਸਾਉਂਦਾ ਹੈ ਕਿ ਉਹ ਪਠਾਨਕੋਟ ਲਈ ਨਵਾਂ ਅਧਿਆਏ ਲਿਖਣ ਲਈ ਤਿਆਰ ਹਨ। ਉਨ੍ਹਾਂ ਕਿਹਾ, "ਜਦੋਂ ਮੌਕਾ ਆਵੇਗਾ, ਸਾਨੂੰ ਪਠਾਨਕੋਟ ਲਈ ਇੱਕ ਨਵੀਂ ਕਹਾਣੀ ਲਿਖਣੀ ਪਵੇਗੀ।"

ਉਨ੍ਹਾਂ ਨੇ ਲੋਕਾਂ ਨੂੰ ਇਕਜੁੱਟ ਰਹਿਣ ਅਤੇ ਚੰਗੇ ਨੁਮਾਇੰਦਿਆਂ ਨੂੰ ਚੁਣਨ ਦੀ ਅਪੀਲ ਕੀਤੀ। ਪ੍ਰੋਗਰਾਮ ਵਿੱਚ ਮੌਜੂਦ ਧਾਰਮਿਕ ਆਗੂਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਅਧਿਆਤਮਿਕ ਸਿੱਖਿਆਵਾਂ ਦਾ ਪਾਸਾਰ ਕਰਨ ਅਤੇ ਸਤਿਸੰਗ ਰਾਹੀਂ ਲੋਕਾਂ ਨੂੰ ਸਹੀ ਮਾਰਗ 'ਤੇ ਪਾਉਣ ਲਈ ਖੁਦ ਨੂੰ ਸਮਰਪਿਤ ਕਰਦੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਵਿਸ਼ੇਸ਼ ਤੌਰ 'ਤੇ ਦਿੱਲੀ ਤੋਂ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਪਹੁੰਚਣ 'ਤੇ ਧੰਨਵਾਦ ਕੀਤਾ। ਉਨ੍ਹਾਂ 'ਆਪ' ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਦਾ ਵੀ ਸਵਾਗਤ ਕੀਤਾ।


ਲੋਕਾਂ ਨੂੰ ਮਿਲ ਕੇ ਕੰਮ ਕਰਨ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, "ਆਓ, ਆਪਾਂ ਸਾਰੇ ਇਕੱਠੇ ਹੋ ਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਈਏ। ਸਾਨੂੰ ਪੰਜਾਬ ਨੂੰ ਕੈਲੀਫੋਰਨੀਆ, ਲੰਡਨ ਜਾਂ ਪੈਰਿਸ ਬਣਾਉਣ ਦੀ ਲੋੜ ਨਹੀਂ ਹੈ। ਸਾਨੂੰ ਪੰਜਾਬ ਨੂੰ ਇੱਕ ਬਿਹਤਰ ਪੰਜਾਬ ਬਣਾਉਣ ਦੀ ਲੋੜ ਹੈ। ਪੰਜਾਬ ਵਿੱਚੋਂ ਨਸ਼ਾ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਖ਼ਤਮ ਹੋਣਾ ਚਾਹੀਦਾ ਹੈ। ਸਾਨੂੰ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣਾ ਹੈ ਅਤੇ ਪਠਾਨਕੋਟ ਨੂੰ ਵੀ ਉਸ ਰੰਗਲੇ ਪੰਜਾਬ ਵਿੱਚ ਆਪਣਾ ਰੰਗ ਭਰਨਾ ਪਵੇਗਾ।"

ਮੁੱਖ ਮੰਤਰੀ ਨੇ ਇਕੱਠ ਨੂੰ ਇਹ ਪੁੱਛ ਕੇ ਆਪਣੇ ਸੰਬੋਧਨ ਦੀ ਸਮਾਪਤੀ ਕੀਤੀ ਕਿ ਕੀ ਉਹ ਇਸ ਮਿਸ਼ਨ ਲਈ ਤਿਆਰ ਹਨ, ਜਿਸ ਤੋਂ ਬਾਅਦ ਉਨ੍ਹਾਂ ਨੇ ਲੋਕਾਂ ਨਾਲ ਮਿਲ ਕੇ "ਹਰ ਹਰ ਮਹਾਦੇਵ" ਦਾ ਨਾਅਰਾ ਬੁਲੰਦ ਕੀਤਾ।

ਉਨ੍ਹਾਂ ਨੇ ਸਾਰਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮਸ਼ਹੂਰ ਗਾਇਕ ਕੈਲਾਸ਼ ਖੇਰ ਹੁਣ ਭਗਵਾਨ ਸ਼ਿਵ ਜੀ ਨੂੰ ਸਮਰਪਿਤ ਭਗਤੀ ਭਜਨ ਪੇਸ਼ ਕਰਨਗੇ।


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Imperial Spice
Resturant Bar & Banquet Hall
Vibrant flavors of
North and South Indian cuisine.
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੈਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376


Pal Films
Production
All Your Photo/Videography &
Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

(ਇੱਕ ਵਿਅੰਗ)

# ਗਿਆਨ ਪ੍ਰਦੂਸ਼ਣ

ਸਾਡੇ ਦੇਸ਼ ਵਿੱਚ ਪ੍ਰਦੂਸ਼ਣ ਦੀ ਕੋਈ ਘਾਟ ਨਹੀਂ। ਹਵਾ ਪ੍ਰਦੂਸ਼ਿਤ, ਪਾਣੀ ਪ੍ਰਦੂਸ਼ਿਤ, ਨਦੀਆਂ ਪ੍ਰਦੂਸ਼ਿਤ, ਰਾਜਨੀਤੀ ਪ੍ਰਦੂਸ਼ਿਤ, ਅਤੇ ਹੁਣ ਤਾਂ ਮਨ ਵੀ ਪ੍ਰਦੂਸ਼ਿਤ ਹੋਣ ਲੱਗ ਪਏ ਹਨ। ਪਰ ਇੱਕ ਅਜਿਹਾ ਪ੍ਰਦੂਸ਼ਣ ਵੀ ਹੈ ਜਿਸ ਬਾਰੇ ਨਾ ਕੋਈ ਸਰਕਾਰੀ ਰਿਪੋਰਟ ਆਉਂਦੀ ਹੈ, ਨਾ ਕੋਈ ਜਾਗਰੂਕਤਾ ਮੁਹਿੰਮ ਚਲਦੀ ਹੈ ਅਤੇ ਨਾ ਹੀ ਕੋਈ ਮਾਸਕ ਇਸ ਤੋਂ ਬਚਾ ਸਕਦਾ ਹੈ। ਇਸ ਦਾ ਨਾਮ ਹੈ "ਗਿਆਨ ਪ੍ਰਦੂਸ਼ਣ"।

ਇੱਕ ਸਮਾਂ ਸੀ ਜਦੋਂ ਗਿਆਨ ਹਾਸਲ ਕਰਨ ਲਈ ਲੋਕ ਪੁਸਤਕਾਂ ਪੜ੍ਹਦੇ ਸਨ, ਅਧਿਆਪਕਾਂ ਤੋਂ ਸਿੱਖਦੇ ਸਨ ਅਤੇ ਸਾਲਾਂ ਦੀ ਮਿਹਨਤ ਕਰਦੇ ਸਨ। ਅੱਜ ਸਮਾਂ ਬਦਲ ਗਿਆ ਹੈ। ਹੁਣ ਗਿਆਨ ਇੱਕ ਕਲਿੱਕ ਦੀ ਦੂਰੀ 'ਤੇ ਹੈ। ਬਸ ਮੋਬਾਈਲ ਖੋਲ੍ਹੋ ਅਤੇ ਗਿਆਨ ਦੀ ਐਸੀ ਬਰਸਾਤ ਸ਼ੁਰੂ ਹੋ ਜਾਂਦੀ ਹੈ ਕਿ ਬੰਦਾ ਛਤਰੀ ਲੱਭਣ ਲੱਗ ਪੈਂਦਾ ਹੈ।

ਸਵੇਰੇ ਉੱਠਦੇ ਹੀ ਫ਼ੋਨ ਵਿੱਚੋਂ ਕੋਈ ਬਾਬਾ ਦੱਸ ਰਿਹਾ ਹੁੰਦਾ ਹੈ ਕਿ ਗਰਮ ਪਾਣੀ ਪੀਣ ਨਾਲ ਸੌ ਬਿਮਾਰੀਆਂ ਠੀਕ ਹੋ ਜਾਣਗੀਆਂ। ਦੂਜਾ ਵਿਦਵਾਨ ਦੱਸਦਾ ਹੈ ਕਿ ਜੇਕਰ ਤੁਸੀਂ ਰਾਤ ਨੂੰ ਤਿੰਨ ਬਦਾਮ ਖਾ ਲਏ ਤਾਂ ਤੁਹਾਡੀ ਯਾਦਦਾਸ਼ਤ ਕੰਪਿਊਟਰ ਤੋਂ ਵੀ ਤੇਜ਼ ਹੋ ਜਾਵੇਗੀ। ਤੀਜਾ ਕਹਿੰਦਾ ਹੈ ਕਿ ਪੰਜ ਮਿੰਟ ਵਿੱਚ ਅੰਗਰੇਜ਼ੀ ਸਿੱਖੋ ਅਤੇ ਚੌਥਾ ਦਾਅਵਾ ਕਰਦਾ ਹੈ ਕਿ ਸੱਤ ਦਿਨਾਂ ਵਿੱਚ ਕਰੋੜਪਤੀ ਬਣੋ।

ਸਭ ਤੋਂ ਹੈਰਾਨੀ ਦੀ ਗੱਲ ਇਹ ਹੈ ਕਿ ਅੱਜਕੱਲ੍ਹ ਹਰ ਵਿਅਕਤੀ ਮਾਹਿਰ ਹੈ। ਜਿਸ ਨੇ ਕਦੇ ਕ੍ਰਿਕਟ ਦੀ ਗੇਂਦ ਨਹੀਂ ਫੜੀ, ਉਹ ਟੀਮ ਦੀ ਚੋਣ 'ਤੇ ਚਰਚਾ ਕਰਦਾ ਹੈ। ਜਿਸ ਨੇ ਵਿਗਿਆਨ ਦੀ ਕਿਤਾਬ ਦੂਰੋਂ ਵੀ ਨਹੀਂ ਵੇਖੀ, ਉਹ ਅੰਤਰਿਕਸ਼ ਖੋਜ 'ਤੇ ਭਾਸ਼ਣ ਦੇ ਰਿਹਾ ਹੈ। ਅਤੇ ਜਿਸ ਨੇ ਆਪਣੇ ਘਰ ਦਾ ਬਲਬ ਵੀ ਨਹੀਂ ਬਦਲਿਆ, ਉਹ ਦੇਸ਼ ਦੀ ਊਰਜਾ ਨੀਤੀ 'ਤੇ ਸਲਾਹ ਦੇ ਰਿਹਾ ਹੈ।

ਸੋਸ਼ਲ ਮੀਡੀਆ ਨੇ ਤਾਂ ਗਿਆਨ ਪ੍ਰਦੂਸ਼ਣ ਨੂੰ ਉਦਯੋਗ ਦਾ ਦਰਜਾ ਦੇ ਦਿੱਤਾ ਹੈ। ਇੱਥੇ ਗਿਆਨ ਦੀ ਗੁਣਵੱਤਾ ਨਹੀਂ, ਸਗੋਂ ਉਸ ਦੀ "ਫਾਰਵਰਡ" ਹੋਣ ਦੀ ਗਤੀ ਮਹੱਤਵਪੂਰਨ ਹੁੰਦੀ ਹੈ। ਜੇਕਰ ਕੋਈ ਸੁਨੇਹਾ ਪੰਜਾਹ ਗਰੁੱਪਾਂ ਵਿੱਚ ਘੁੰਮ ਆਇਆ, ਤਾਂ ਉਹ ਸੱਚ ਮੰਨ ਲਿਆ ਜਾਂਦਾ ਹੈ। ਸੱਚਾਈ ਬੇਚਾਰੀ ਕਿਸੇ ਕੋਨੇ ਵਿੱਚ ਬੈਠੀ ਆਪਣੀ ਵਾਰੀ ਦੀ ਉਡੀਕ ਕਰਦੀ ਰਹਿੰਦੀ ਹੈ।

ਪਹਿਲਾਂ ਲੋਕ ਕਹਿੰਦੇ ਸਨ, "ਅੱਧਾ ਗਿਆਨ ਖ਼ਤਰਨਾਕ ਹੁੰਦਾ ਹੈ।" ਹੁਣ ਲੱਗਦਾ ਹੈ ਕਿ ਅੱਧੇ ਗਿਆਨ ਨੇ ਪੂਰੀ ਦੁਨੀਆ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਲੋਕਾਂ ਨੂੰ ਵਿਸ਼ੇ ਬਾਰੇ ਜਿੰਨਾ ਘੱਟ ਪਤਾ ਹੁੰਦਾ ਹੈ, ਉਨ੍ਹਾਂ ਦਾ ਆਤਮ-ਵਿਸ਼ਵਾਸ ਉਨ੍ਹਾਂ ਹੀ ਵੱਧ ਹੁੰਦਾ ਹੈ। ਉਹ ਐਸੇ ਬੋਲਦੇ ਹਨ ਜਿਵੇਂ ਸ੍ਰਿਸ਼ਟੀ ਦੀ ਰਚਨਾ ਸਮੇਂ ਉਨ੍ਹਾਂ ਨਾਲ ਵੀ ਸਲਾਹ ਕੀਤੀ ਗਈ ਹੋਵੇ।

ਗਿਆਨ ਪ੍ਰਦੂਸ਼ਣ ਦਾ ਇੱਕ ਨਵਾਂ ਰੂਪ "ਦੋ ਮਿੰਟ ਦੀ ਮਾਹਰਤਾ" ਹੈ। ਕੋਈ ਵਿਅਕਤੀ ਇੱਕ ਛੋਟੀ ਜਿਹੀ ਵੀਡੀਓ ਵੇਖ ਕੇ ਡਾਕਟਰ ਬਣ ਜਾਂਦਾ ਹੈ, ਦੂਜੀ ਵੇਖ ਕੇ ਅਰਥਸ਼ਾਸਤਰੀ ਅਤੇ ਤੀਜੀ ਵੇਖ ਕੇ ਖਗੋਲ ਵਿਗਿਆਨੀ। ਇੰਨੀ ਤੇਜ਼ੀ ਨਾਲ ਡਿਗਰੀਆਂ ਤਾਂ ਯੂਨੀਵਰਸਿਟੀਆਂ ਵੀ ਨਹੀਂ ਦੇ ਸਕਦੀਆਂ।

ਸਿੱਖਿਆ ਪ੍ਰਣਾਲੀ ਵੀ ਇਸ ਬਿਮਾਰੀ ਤੋਂ ਅਛੂਤੀ ਨਹੀਂ ਰਹੀ। ਵਿਦਿਆਰਥੀ ਕਿਤਾਬਾਂ ਘੱਟ ਅਤੇ "ਮਹੱਤਵਪੂਰਨ ਪ੍ਰਸ਼ਨ" ਵੱਧ ਪੜ੍ਹਦੇ ਹਨ। ਗਿਆਨ ਦਾ ਮਕਸਦ ਸਮਝਣਾ ਨਹੀਂ, ਸਗੋਂ ਪ੍ਰੀਖਿਆ ਪਾਸ ਕਰਨਾ ਰਹਿ ਗਿਆ ਹੈ। ਨਤੀਜਾ ਇਹ ਹੈ ਕਿ ਡਿਗਰੀਆਂ ਵਧ ਰਹੀਆਂ ਹਨ, ਪਰ ਸਮਝ ਘਟ ਰਹੀ ਹੈ।

ਹੁਣ ਸਮਾਂ ਆ ਗਿਆ ਹੈ ਕਿ ਸਰਕਾਰ "ਗਿਆਨ ਪ੍ਰਦੂਸ਼ਣ ਕੰਟਰੋਲ ਬੋਰਡ" ਬਣਾਏ। ਇਸ ਦਾ ਕੰਮ ਹੋਵੇ ਕਿ ਹਰ ਜਾਣਕਾਰੀ 'ਤੇ ਚੇਤਾਵਨੀ ਲਿਖੇ "ਇਸ ਨੂੰ ਪੜ੍ਹਣ ਤੋਂ ਪਹਿਲਾਂ ਤੱਥਾਂ ਦੀ ਜਾਂਚ ਕਰੋ।" ਨਾਲ ਹੀ ਲੋਕਾਂ ਨੂੰ ਗਿਆਨ ਫਿਲਟਰ ਵੀ ਦਿੱਤੇ ਜਾਣ ਤਾਂ ਜੋ ਝੂਠੀਆਂ ਅਤੇ ਅਧੂਰੀਆਂ ਜਾਣਕਾਰੀਆਂ ਦੇ ਕਣ ਉਨ੍ਹਾਂ ਦੇ ਦਿਮਾਗ ਵਿੱਚ ਦਾਖਲ ਨਾ ਹੋ ਸਕਣ।

ਪਰ ਅਸਲ ਹੱਲ ਕੋਈ ਬੋਰਡ ਜਾਂ ਕਾਨੂੰਨ ਨਹੀਂ। ਹੱਲ ਹੈ ਸੋਚਣਾ, ਪਰਖਣਾ ਅਤੇ ਸਿੱਖਣਾ। ਗਿਆਨ ਤਦ ਹੀ ਲਾਭਦਾਇਕ ਹੈ ਜਦੋਂ ਉਹ ਵਿਵੇਕ ਨਾਲ ਜੁੜਿਆ ਹੋਵੇ। ਨਹੀਂ ਤਾਂ ਉਹ ਵੀ ਪ੍ਰਦੂਸ਼ਣ ਬਣ ਜਾਂਦਾ ਹੈ।ਅੱਜ ਦੀ ਦੁਨੀਆ ਵਿੱਚ ਜਾਣਕਾਰੀ ਦੀ ਕਮੀ ਨਹੀਂ, ਸਮਝ ਦੀ ਕਮੀ ਹੈ। ਸਾਨੂੰ ਹੋਰ ਗਿਆਨ ਇਕੱਠਾ ਕਰਨ ਤੋਂ ਪਹਿਲਾਂ ਇਹ ਸਿੱਖਣ ਦੀ ਲੋੜ ਹੈ ਕਿ ਕਿਹੜਾ ਗਿਆਨ ਸੱਚਾ ਹੈ ਅਤੇ ਕਿਹੜਾ ਸਿਰਫ਼ ਸ਼ੋਰ।ਨਹੀਂ ਤਾਂ ਉਹ ਦਿਨ ਦੂਰ ਨਹੀਂ ਜਦੋਂ ਲੋਕ ਹਵਾ ਸ਼ੁੱਧ ਕਰਨ ਵਾਲੇ ਯੰਤਰਾਂ ਦੇ ਨਾਲ-ਨਾਲ "ਗਿਆਨ ਸ਼ੁੱਧ ਕਰਨ ਵਾਲੇ ਯੰਤਰ" ਵੀ ਖਰੀਦਣ ਲੱਗ ਪੈਣਗੇ!ਇਹ ਵਿਅੰਗ ਆਧੁਨਿਕ ਸੋਸ਼ਲ ਮੀਡੀਆ, ਅਧੂਰੀ ਜਾਣਕਾਰੀ ਅਤੇ "ਹਰ ਕੋਈ ਮਾਹਿਰ" ਵਾਲੀ ਮਨੋਵਿਰਤੀ 'ਤੇ ਹਲਕੇ-ਫੁਲਕੇ ਪਰ ਚੁਭਦੇ ਅੰਦਾਜ਼ ਵਿੱਚ ਟਿੱਪਣੀ ਕਰਦਾ ਹੈ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੈਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



GURDIP S SANDHU




Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India

(408) 687-1899        (925) 587-1148

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

# ਮੁਬਾਰਕ ਬੇਗਮ: ਹਮਾਰੀ ਯਾਦ ਆਏਗੀ...

ਮੁਬਾਰਕ ਬੇਗਮ (5 ਜਨਵਰੀ 1936-18 ਜੁਲਾਈ 2016) ਇੱਕ ਭਾਰਤੀ ਗਾਇਕਾ ਸੀ, ਜਿਸਨੇ ਹਿੰਦੀ ਅਤੇ ਉਰਦੂ ਭਾਸ਼ਾਵਾਂ ਵਿੱਚ ਗਾਇਆ। ਉਹ 1950 ਅਤੇ 1960 ਦੇ ਦਹਾਕੇ ਦੌਰਾਨ ਬਾਲੀਵੁੱਡ ਫਿਲਮਾਂ ਵਿੱਚ ਇੱਕ ਚਰਚਿਤ ਪਿੱਠਵਰਤੀ ਗਾਇਕਾ ਸੀ। ਉਸਨੇ ਗੀਤਾਂ ਤੇ ਗ਼ਜ਼ਲਾਂ ਸਮੇਤ ਕਈ ਹੋਰ ਸ਼ੈਲੀਆਂ ਵਿੱਚ ਗਾਇਨ ਕੀਤਾ ਅਤੇ ਜਨਤਕ ਪ੍ਰਦਰਸ਼ਨ ਵੀ ਕੀਤੇ।

ਮੁਬਾਰਕ ਬੇਗਮ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਤੋਂ ਕੀਤੀ। ਇੱਕ ਪਲੇਅਬੈਕ ਗਾਇਕਾ ਵਜੋਂ ਉਸਦਾ ਕਰੀਅਰ 1949 ਵਿੱਚ ਭਾਰਤੀ ਹਿੰਦੀ ਫਿਲਮ 'ਆਈਏ' ਨਾਲ ਸ਼ੁਰੂ ਹੋਇਆ ਸੀ। ਇਹ ਭਾਰਤ-ਪਾਕਿਸਤਾਨੀ ਸੰਗੀਤਕਾਰ ਸ਼ੌਕਤ ਅਲੀ ਨਾਸ਼ਾਦ ਸੀ, ਜਿਸਨੇ ਬੇਗਮ ਨੂੰ ਪਹਿਲਾ ਬ੍ਰੇਕ ਦਿੱਤਾ। ਫਿਲਮਾਂ ਲਈ ਉਸਦਾ ਰਿਕਾਰਡ ਕੀਤਾ ਪਹਿਲਾ ਗੀਤ "ਮੋਹੇ ਆਨੇ ਲਾਗੀ ਅੰਗੜਾਈ ਆਜਾ ਆਜਾ ਬਲਮ" (ਆਈਏ,1949) ਸੀ। ਉਸਨੇ ਉਸੇ ਫਿਲਮ ਵਿੱਚ ਉਸ ਸਮੇਂ ਦੀ ਉੱਭਰਦੀ ਗਾਇਕਾ ਲਤਾ ਮੰਗੇਸ਼ਕਰ ਨਾਲ ਇੱਕ ਦੋਗਾਣਾ ਵੀ ਗਾਇਆ। ਉਸਦੇ ਕਰੀਅਰ ਦੇ ਮਸ਼ਹੂਰ ਗੀਤਾਂ ਵਿੱਚੋਂ "ਕਭੀ ਤਨਹਾਈਓਂ ਮੇਂ ਯੂੰ" ਹੈ, ਜਿਸਨੂੰ ਸਨੇਹਲ ਭਟਕਰ ਦੁਆਰਾ ਕਿਦਾਰ ਸ਼ਰਮਾ ਦੀ ਫਿਲਮ 'ਹਮਾਰੀ ਯਾਦ ਆਏਗੀ' (1961) ਲਈ ਰਚਿਆ ਗਿਆ ਸੀ।

ਮੁਬਾਰਕ ਬੇਗਮ ਨੇ ਆਪਣੇ ਕਰੀਅਰ ਦੌਰਾਨ ਹਿੰਦੀ ਫਿਲਮਾਂ ਲਈ ਕੁੱਲ 178 ਗਾਣੇ ਗਾਏ, ਜੋ 115 ਫਿਲਮਾਂ ਵਿੱਚ ਸ਼ਾਮਲ ਹਨ। ਹੇਠਾਂ ਉਸਦੇ ਕੁਝ ਪ੍ਰਸਿੱਧ ਗੀਤਾਂ ਦੀ ਸੂਚੀ ਦਿੱਤੀ ਜਾ ਰਹੀ ਹੈ :

* "ਮੁਝਕੋ ਆਪਨੇ ਗਲੇ ਲਗਾ ਲੋ, ਐ ਮੇਰੇ ਹਮਰਾਹੀ" (ਗੀਤ ਹਸਰਤ ਜੈਪੁਰੀ; ਸੰਗੀਤ ਸ਼ੰਕਰ ਜੈਕਿਸ਼ਨ; ਫ਼ਿਲਮ ਹਮਰਾਹੀ, 1963)
* "ਕਭੀ ਤਨਹਾਈਓਂ ਮੇਂ ਯੂੰ ਹਮਾਰੀ ਯਾਦ ਆਏਗੀ" (ਗੀਤ ਕਿਦਾਰ ਸ਼ਰਮਾ; ਸੰਗੀਤ ਸਨੇਹਲ ਭਟਕਰ; ਫ਼ਿਲਮ ਹਮਾਰੀ ਯਾਦ ਆਏਗੀ,1961)
* "ਨੀਂਦ ਉੜ ਜਾਏ ਤੇਰੀ ਚੈਨ ਸੇ ਸੋਨੇ ਵਾਲੇ" (ਜੁਆਰੀ,1968)
* "ਵੋ ਨਾ ਆਏਂਗੇ ਪਲਟ ਕਰ" (ਗੀਤ ਸਾਹਿਰ ਲੁਧਿਆਣਵੀ; ਸੰਗੀਤ ਐਸ ਡੀ ਬਰਮਨ; ਫ਼ਿਲਮ ਦੇਵਦਾਸ,1955)
* "ਹਮ ਹਾਲ-ਏ-ਦਿਲ ਸੁਨਾਏਂਗੇ, ਸੂਰਜ ਕੇ ਨਾ ਸੁਨਾਏ" (ਗੀਤ ਸ਼ੈਲੇਂਦਰ; ਸੰਗੀਤ ਸਲਿਲ ਚੌਧਰੀ; ਫ਼ਿਲਮ ਮਧੂਮਤੀ,1958)
* "ਵਾਅਦਾ ਹਮਸੇ ਕੀਆ ਦਿਲ ਕਿਸੀ ਕੋ ਦੀਆ (ਸਰਸਵਤੀਚੰਦ੍ਰ,1968)
* "ਬੇ-ਮੁਰੱਵਤ ਬੇਵਫਾ ਬੇਗਾਨਾ-ਏ ਦਿਲ ਆਪ ਹੈਂ" (ਗੀਤ ਜਾਨ ਨਿਸਾਰ ਅਖਤਰ; ਸੰਗੀਤ ਸੀ. ਅਰਜੁਨ; ਫ਼ਿਲਮ ਸੁਸ਼ੀਲਾ,1966)
* "ਐ ਦਿਲ ਬਤਾ ਹਮ ਕਹਾਂ ਆ ਗਏ" (ਖ਼ੂਨੀ ਖਜ਼ਾਨਾ, 1965)
* "ਐਜੀ ਐਜੀ ਯਾਦ ਰਖਨਾ ਸਨਮ" (ਡਾਕੂ ਮੰਸੂਰ, 1961)
* "ਸ਼ਮਾ ਗੁਲ ਕਰਕੇ ਨਾ ਜਾਓ ਯੂੰ" (ਅਰਬ ਕਾ ਸਿਤਾਰਾ,1961)
* "ਸਾਂਵਰੀਆ ਤੇਰੀ ਯਾਦ ਮੇਂ ਰੋ ਰੋ ਮਰੇਂਗੇ ਹਮ" (ਰਾਮੂ ਤੋ ਦੀਵਾਨਾ ਹੈ,1980)
* "ਹਮੇਂ ਦਮ ਦਈਕੇ ਸੌਤਨ ਘਰ ਜਾਨਾ" (ਆਸ਼ਾ ਭੌਸਲੇ ਨਾਲ ਮਿਲ ਕੇ; ਗੀਤ ਕਮਰ ਜਲਾਲਾਬਾਦੀ; ਸੰਗੀਤ ਇਕਬਾਲ ਕੁਰੈਸ਼ੀ; ਫ਼ਿਲਮ ਯੇ ਦਿਲ ਕਿਸਕੋ ਦੂੰ,1963)
* "ਯੇ ਮੂੰਹ ਔਰ ਮਸੂਰ ਕੀ ਦਾਲ" (ਸ਼ਾਰਦਾ ਨਾਲ ਮਿਲ ਕੇ; ਅਰਾਊਂਡ ਦ ਵਰਲਡ,1967)

ਮੁਬਾਰਕ ਬੇਗਮ ਦਾ ਜਨਮ ਰਾਜਸਥਾਨ ਦੇ ਝੁੰਝੁਨੂ ਜ਼ਿਲ੍ਹੇ ਦੇ ਇੱਕ ਕਸਬੇ ਵਿੱਚ ਇੱਕ ਮੁਸਲਿਮ ਪਰਿਵਾਰ ਵਿੱਚ ਹੋਇਆ ਸੀ। ਉਸਦਾ ਵਿਆਹ ਆਪਣੇ ਹੀ ਭਾਈਚਾਰੇ ਦੇ ਇੱਕ ਵਿਅਕਤੀ, ਸ਼੍ਰੀ ਸ਼ੇਖ ਨਾਲ ਹੋਇਆ ਸੀ, ਅਤੇ ਉਹ ਦੋ ਬੱਚਿਆਂ- ਇੱਕ ਪੁੱਤਰ ਅਤੇ ਇੱਕ ਧੀ ਦੀ ਮਾਂ ਸੀ। ਉਸਦੇ ਪਤੀ ਅਤੇ ਧੀ ਦੋਵੇਂ ਹੁਣ ਜ਼ਿੰਦਾ ਨਹੀਂ ਹਨ; ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿੱਚ, ਉਹ ਆਪਣੇ ਪੁੱਤਰ, ਨੂੰਹ ਅਤੇ ਪੋਤੀ ਨਾਲ ਰਹਿੰਦੀ ਰਹੀ।

ਭਾਵੇਂ ਉਹ ਇੱਕ ਮਸ਼ਹੂਰ ਗਾਇਕਾ ਸੀ, ਪਰ ਬੇਗਮ ਆਪਣੀ ਪ੍ਰਤਿਭਾ ਦਾ ਫਾਇਦਾ ਉਠਾਉਣ ਵਿੱਚ ਅਸਮਰੱਥ ਸੀ। ਉਸ ਕੋਲ ਉਹ ਸਮਾਰਟ "ਨੈੱਟਵਰਕਿੰਗ" ਹੁਨਰ ਨਹੀਂ ਸਨ, ਜੋ ਮਨੋਰੰਜਨ ਉਦਯੋਗ ਵਿੱਚ ਕਰੀਅਰ ਲਈ ਇੰਨੇ ਮਹੱਤਵਪੂਰਨ ਹਨ। ਅਤੇ ਨਤੀਜੇ ਵਜੋਂ, ਉਸਦਾ ਕਰੀਅਰ ਰੁਕ ਗਿਆ। ਭਾਵੇਂ ਉਹ ਇੱਕ ਸਮਰੱਥ ਗਾਇਕਾ ਸੀ, ਪਰ ਉਹ ਵਪਾਰਕ ਮਾਮਲਿਆਂ ਵਿੱਚ ਉਨੀ ਮਾਹਿਰ ਨਹੀਂ ਸੀ। ਉਸਨੂੰ ਪੈਸੇ ਨਾਲੋਂ ਸੰਗੀਤ ਵਿੱਚ ਜ਼ਿਆਦਾ ਦਿਲਚਸਪੀ ਸੀ, ਅਤੇ ਉਸਦੇ ਰੋਜ਼ਾਨਾ ਖਰਚ ਅਤੇ ਉਦਾਰਤਾ ਨੇ ਉਸਨੂੰ ਜ਼ਿਆਦਾ ਪੈਸੇ ਬਚਾਉਣ ਦੀ ਆਗਿਆ ਨਹੀਂ ਦਿੱਤੀ। 2016 ਵਿੱਚ ਆਪਣੀ ਮੌਤ ਤੋਂ ਪਹਿਲਾਂ ਇੱਕ ਇੰਟਰਵਿਊ ਵਿੱਚ, ਜਦੋਂ ਪੁੱਛਿਆ ਗਿਆ, ਤਾਂ ਉਸਨੇ ਕਿਹਾ ਕਿ ਪਾਕਿਸਤਾਨੀ ਗ਼ਜ਼ਲ ਗਾਇਕ ਗੁਲਾਮ ਅਲੀ ਉਸਦਾ ਪਸੰਦੀਦਾ ਗਾਇਕ ਸੀ।

ਬੇਗਮ ਦੀ ਧੀ, ਜੋ ਪਾਰਕਿੰਸਨਜ਼ ਬਿਮਾਰੀ ਤੋਂ ਪੀੜਤ ਸੀ, ਅਕਤੂਬਰ 2015 ਵਿੱਚ ਮਰ ਗਈ, ਜਿਸ ਤੋਂ ਬਾਅਦ ਬੇਗਮ ਦੀ ਆਪਣੀ ਸਿਹਤ ਬਹੁਤ ਵਿਗੜਦੀ ਚਲੀ ਗਈ। ਮਈ 2016 ਵਿੱਚ, ਪ੍ਰੈਸ ਨੇ ਰਿਪੋਰਟ ਦਿੱਤੀ ਕਿ ਬੇਗਮ ਹਸਪਤਾਲ ਵਿੱਚ ਸੀ ਅਤੇ ਉਸਦਾ ਪਰਿਵਾਰ ਉਸਦੇ ਡਾਕਟਰੀ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਅਸਮਰੱਥ ਸੀ।

ਉਹ ਆਪਣੇ ਪਰਿਵਾਰ ਨਾਲ, ਜਿਸ ਵਿੱਚ ਇੱਕ ਪੁੱਤਰ, ਨੂੰਹ ਅਤੇ ਪੋਤੀ ਸ਼ਾਮਲ ਸਨ, ਮੁੰਬਈ ਦੇ ਉਪਨਗਰ ਜੋਗੇਸ਼ਵਰੀ ਵਿੱਚ ਬਹਿਰਾਮ ਬਾਗ ਵਿੱਚ ਇੱਕ ਬੈੱਡਰੂਮ ਵਾਲੇ ਅਪਾਰਟਮੈਂਟ ਵਿੱਚ ਰਹਿੰਦੀ ਸੀ। ਉਸਦੀ ਇੱਕੋ ਇੱਕ ਆਮਦਨ ਇੱਕ ਪੈਨਸ਼ਨ ਸੀ, ਜੋ ਉਸਨੂੰ ਆਪਣੇ ਸਵਰਗਵਾਸੀ ਪਤੀ ਦੀ ਪੈਨਸ਼ਨ ਦੇ ਇਵਜ਼ ਵਜੋਂ ਮਿਲਦੀ ਸੀ।

ਇਹ ਪੈਨਸ਼ਨ ਕਰੀਬ 800/- ਰੁਪਏ ਪ੍ਰਤੀ ਮਹੀਨਾ ਸੀ। ਭਾਰਤੀ ਮਿਆਰਾਂ ਅਨੁਸਾਰ ਇਹ ਬਹੁਤ ਹੀ ਮਾਮੂਲੀ ਪੈਨਸ਼ਨ ਹੈ। ਬੇਗਮ ਆਪਣੇ ਪੁੱਤਰ ਹੁਸੈਨ ਸ਼ੇਖ 'ਤੇ ਨਿਰਭਰ ਸੀ, ਜਿਸਨੇ ਡਰਾਈਵਰ ਵਜੋਂ ਸੁਤੰਤਰ ਤੌਰ 'ਤੇ ਕੰਮ ਕਰਕੇ ਇੱਕ ਅਨਿਸ਼ਚਿਤ ਆਮਦਨ ਕਮਾਈ ਅਤੇ ਬੇਗਮ ਦੀ ਦੇਖਭਾਲ ਉਸਦੀ ਨੂੰਹ ਕਰਦੀ ਸੀ।

ਬੇਗਮ ਦੀ ਨੂੰਹ ਜ਼ਰੀਨਾ ਹੁਸੈਨ ਸ਼ੇਖ ਨੇ ਪ੍ਰੈਸ ਨੂੰ ਦੱਸਿਆ ਕਿ ਅਦਾਕਾਰ ਸਲਮਾਨ ਖਾਨ (ਹਿੰਦੀ ਫਿਲਮ ਇੰਡਸਟਰੀ) ਅਸਲ ਵਿੱਚ ਇਕਲੌਤਾ ਵਿਅਕਤੀ ਹੈ, ਜੋ ਪਰਿਵਾਰ ਦੀ ਵਿੱਤੀ ਮਦਦ



ਕਰ ਰਿਹਾ ਹੈ, ਉਹ ਵੀ ਲਗਾਤਾਰ, ਲੰਬੇ ਸਮੇਂ ਦੇ ਆਧਾਰ 'ਤੇ। ਉਹ ਬਜ਼ੁਰਗ ਬੇਗਮ ਦੀਆਂ ਸਾਰੀਆਂ ਦਵਾਈਆਂ ਦਾ ਸਾਰਾ ਖਰਚਾ ਚੁੱਕ ਰਿਹਾ ਸੀ। ਗਾਇਕਾ ਲਤਾ ਮੰਗੇਸ਼ਕਰ ਨੇ ਬੇਗਮ ਨੂੰ ਉਸਦੀ ਧੀ ਦੀ ਮੌਤ ਤੋਂ ਬਾਅਦ ਦਿਲਾਸਾ ਦਿੱਤਾ ਅਤੇ ਉਸ ਨਾਲ ਦੁੱਖ ਸਾਂਝਾ ਕੀਤਾ। ਜੂਨ 2016 ਵਿੱਚ, ਮਹਾਰਾਸ਼ਟਰ ਸਰਕਾਰ ਵਿੱਚ ਭਾਜਪਾ ਦੇ ਮੰਤਰੀ ਵਿਨੋਦ ਤਾਵੜੇ ਨੇ ਪਰਿਵਾਰ ਦੀ ਮਦਦ ਲਈ ਕਦਮ ਚੁੱਕਿਆ। ਜਦੋਂ ਤਾਵੜੇ ਨੂੰ ਪਤਾ ਲੱਗਾ ਕਿ ਅਜਿਹੀ ਕੋਈ ਸਰਕਾਰੀ ਯੋਜਨਾ ਨਹੀਂ ਹੈ, ਜਿਸ ਤਹਿਤ ਉਹ ਬੇਗਮ ਦੇ ਪਰਿਵਾਰ ਦੀ ਮਦਦ ਕਰ ਸਕਣ, ਤਾਂ ਉਸਨੇ ਆਪਣੇ ਨੇੜਲੇ ਲੋਕਾਂ ਦੁਆਰਾ ਚਲਾਏ ਜਾ ਰਹੇ ਇੱਕ ਚੈਰੀਟੇਬਲ ਟਰੱਸਟ ਤੋਂ ਮਦਦ ਮੰਗੀ ਅਤੇ ਉਨ੍ਹਾਂ ਨੇ ਬੇਗਮ ਨੂੰ ਕੁਝ ਪੈਸੇ ਦਿੱਤੇ।

ਬੇਗ਼ਮ ਅਖ਼ਤਰ ਨੇ 80 ਸਾਲ ਦੀ ਉਮਰੇ ਜੋਗੇਸ਼ਵਰੀ, ਮੁੰਬਈ (ਮਹਾਰਾਸ਼ਟਰ) ਵਿੱਚ ਆਖਰੀ ਸਾਹ ਲਿਆ। ਸੰਗੀਤ, ਖਾਸ ਕਰਕੇ ਕਲਾਸੀਕਲ ਸੰਗੀਤ ਦੀ ਦੁਨੀਆਂ ਵਿੱਚ ਬੇਗ਼ਮ ਅਖ਼ਤਰ ਨਾਂ ਹਮੇਸ਼ਾ ਜ਼ਿੰਦਾ ਰਹੇਗਾ। ਅੱਜ ਵੀ ਉਹਦਾ ਗਾਇਆ ਨਗ਼ਮਾ 'ਕਭੀ ਤਨਹਾਈਓਂ ਮੇਂ ਯੂੰ...' ਜਦ ਕਿਤੇ ਸੁਣਾਈ ਦਿੰਦਾ ਹੈ ਤਾਂ ਮੇਰੀ ਉਮਰ ਦੇ ਲੋਕਾਂ ਦੀਆਂ ਅੱਖਾਂ ਦਾ ਨਮ ਹੋ ਜਾਣਾ ਸੁਭਾਵਕ ਹੈ! ਅਜਿਹਾ ਸੋਜ਼ ਸੀ ਉਹਦੀ ਗਾਇਨ ਸ਼ੈਲੀ ਵਿੱਚ! ਖ਼ੁਦਾ ਉਹਨੂੰ ਜੰਨਤ ਅਤਾ ਫ਼ਰਮਾਏ!







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





ਬਰਜਿੰਦਰ ਕੌਰ ਬਿਸਰਾਓ
99889-01324

# ਆਦਤ ਤੋਂ ਮਜ਼ਬੂਰ

ਬਾਪੂ ਬਖਤੌਰਾ ਆਪਣੇ ਵਿਚਾਲੜੇ ਪੁੱਤ ਨੂੰਹ ਨੂੰ ਮਿਲ ਕੇ ਆਇਆ ਤਾਂ ਬੈਠਕ ਵਿੱਚ ਆਪਣੇ ਕੱਪੜੇ ਬਦਲ ਕੇ ਐਧਰ ਓਧਰ ਨੂੰ ਕਦੇ ਮੰਜੇ ਹੇਠ ਤੇ ਕਦੇ ਬਿਸਤਰੇ ਉੱਤੇ ਹੱਥ ਮਾਰ ਮਾਰ ਕੇ ਕੁਝ ਲੱਭ ਰਿਹਾ ਸੀ। ਵੱਡੀ ਨੂੰਹ ਬਾਪੂ ਜੀ ਲਈ ਪਾਣੀ ਦਾ ਗਿਲਾਸ ਲੈ ਕੇ ਆਈ ਤਾਂ ਪੁੱਛਦੀ ਹੈ,"ਬਾਪੂ ਜੀ..... ਕੀ ਗੁਆਚ ਗਿਆ.... ਲਓ ਤੁਸੀਂ ਪਾਣੀ ਪੀਓ .... ਮੈਂ ਲੱਭ ਦਿੰਨੀਂ ਆਂ....।"

ਬਾਪੂ ਬਖਤੌਰਾ ਆਪਣੀ ਵੱਡੀ ਨੂੰਹ ਤੋਂ ਪਾਣੀ ਦਾ ਗਿਲਾਸ ਫੜ ਕੇ ਪੀਂਦਾ ਹੈ ਤੇ ਖ਼ਾਲੀ ਗਿਲਾਸ ਉਸ ਨੂੰ ਫੜਾਉਂਦਿਆਂ ਕਹਿੰਦਾ ਹੈ," ਕੁੜੇ....! ਕੱਲ੍ਹ ਮੈਂ ਪੰਜ ਨੋਟ, ਸੌ-ਸੌ ਦੇ ਆਪਣੀ ਬੁਨੈਣ ਦੀ ਅੰਦਰਲੀ ਜੇਬ ਵਿੱਚ ਪਾਕੇ ਲੈਕੇ ਗਿਆ ਸੀ.... ... ਬੱਸ ਦੇ ਭਾੜੇ ਲਈ ਮੈਂ ਟੁੱਟੇ ਹੋਏ ਅੱਡ ਬਾਹਰਲੀ ਜੇਬ ਵਿੱਚ ਪਾ ਲਏ ਸੀ.... ਕੁੜੀ ਨੂੰ ਮੈਂ ਸੌ ਦਾ ਨੋਟ ਜਿਹੜਾ ਦੇਣਾ ਸੀ ਓਹ ਵੀ ਮੈਂ ਭਾੜੇ ਆਲ਼ਿਆਂ ਨਾਲ਼ ਹੀ ਪਾ ਲਿਆ ਸੀ..... ਓਹ ਪੰਜ ਸੌ ਮੈਨੂੰ ਲੱਭਦਾ ਈ ਨੀ.... ਖੌਰੇ ਬੱਸ 'ਚ ਡਿੱਗਗੇ.... ਜਾਂ ਐਥੇ ਕੱਪੜੇ ਬਦਲਦੇ ਦੇ.....!"

ਵੱਡੀ ਨੂੰਹ ਐਧਰ ਓਧਰ ਅੱਖਾਂ ਅੱਡ ਅੱਡ ਨਿਗਾਹ ਮਾਰਦੀ ਹੋਈ ਨਾਲ਼ੇ ਬਿਸਤਰੇ ਤੇ ਪੋਲੇ ਪੋਲੇ ਹੱਥ ਮਾਰਦੀ ਹੋਈ ਨੇ ਛੋਟੀ ਨੂੰ ਵੀ ਹਾਕ ਮਾਰੀ ਤੇ ਆਖਦੀ ਹੈ "ਕੋਈ ਨਾ ਬਾਪੂ ਜੀ.... ਉਰੇ ਆਪਾਂ ਦੇਖ ਲੈਨੇਂ ਆਂ..... ਜੇ ਆਪਣੇ ਹੋਏ ਤਾਂ ਲੱਭ ਪੈਣਗੇ..... ਨਹੀਂ ਤਾਂ ਅਗਲੇ ਦੀ ਕਿਸਮਤ.... ਜੀਹਨੂੰ ਮਿ਼ਲ ਜਾਣਗੇ....!"

ਅੱਧਾ ਘੰਟਾ ਦੋਵੇਂ ਨੂੰਹਾਂ ਤੇ ਸਹੁਰਾ ਇੱਕ ਇੱਕ ਚੀਜ਼ ਨੂੰ ਟੋਹ ਟੋਹ ਕੇ ਲੱਭਦੇ ਰਹੇ, ਵੱਡੀ ਬਹੂ ਨੇ ਤਾਂ ਮੰਜਿਆਂ ਥੱਲੇ ਖੱਲਾਂ ਖੂੰਜਿਆਂ ਵਿੱਚ ਝਾੜੂ ਮਾਰ ਕੇ ਵੀ ਵੇਖ ਲਿਆ ਪਰ ਕਿਤੇ ਨਾ ਲੱਭੇ। ਆਖ਼ਰ ਨੂੰ ਬਾਪੂ ਕਹਿੰਦਾ,"ਚੱਲ ਛੱਡ ਭਾਈ .... ਮੈਂ ਵੀ ਕਮਲਾ ਈ ਆਂ.... ਖੌਰੇ ਕਿੱਥੇ ਗਵਾ ਆਇਆ....?"

"ਕੋਈ ਨਾ ਬਾਪੂ ਜੀ ਤੁਸੀਂ ਫ਼ਿਕਰ ਨਾ ਕਰਿਓ.... ਮਾਇਆ ਤਾਂ ਹੱਥਾਂ ਦੀ ਮੈ਼ਲ ਹੁੰਦੀ ਆ..... ਆਉਂਦੀ ਜਾਂਦੀ ਰਹਿੰਦੀ ਆ....।"

ਇਹ ਗੱਲ ਬੀਤੀ ਨੂੰ ਮਹੀਨਾ ਕੁ ਹੋ ਗਿਆ ਸੀ। ਬਖਤੌਰੇ ਦੀ ਵੱਡੀ ਕੁੜੀ ਸਹੁਰਿਆਂ ਤੋਂ ਮਿਲਣ ਆਈ ਤਾਂ ਚਾਰ ਕੁ ਰਾਤਾਂ ਰਹਿ ਕੇ ਆਖਣ ਲੱਗੀ," ਬਾਪੂ ਜੀ ਰੋਜ਼ ਰੋਜ਼ ਤਾਂ ਘਰੋਂ ਨਿਕਲਿਆ ਨੀ ਜਾਂਦਾ..... ਮੈਂ ਸੋਚਦੀ ਆਂ ਮੈਂ ਸੀਤੇ ਕੋ਼ਲ ਵੀ ਦੋ ਰਾਤਾਂ ਰਹਿ ਆਵਾਂ..... ਮੈਂ ਤਾਂ ਕਹਿਨੀਂ ਆਂ.... ਬਾਪੂ ਜੀ.... ਤੁਸੀਂ ਵੀ ਮੇਰੇ ਨਾਲ ਚੱਲੋ.... ਤੂੰ ਉਰੇ ਰਹਿ ਕੇ ਕਰਨਾ ਵੀ ਕੀ ਆ.... ਸੁੱਖ ਨਾਲ ਇੱਥੇ ਹੈਗੇ ਨੇ ਤੇਰੇ ਦੋ ਸ਼ੇਰਾਂ ਵਰਗੇ ਪੁੱਤ.....!" ਬਾਪੂ ਨੇ ਤੇ ਉਸ ਦੀਆਂ ਦੋਵੇਂ ਨੂੰਹਾਂ ਨੇ ਵੀ ਹਾਂ ਵਿੱਚ ਹਾਂ ਮਿਲਾਈ। ਦਰ ਅਸਲ ਬਖਤੌਰ ਸਿਉਂ ਦੇ ਵਿਚਾਲੜੇ ਮੁੰਡੇ ਸੀਤੇ ਦੇ ਕੋਈ ਸਾਲਾ ਨਾ ਹੋਣ ਕਰਕੇ ਉਹ ਆਪਣੇ ਸਹੁਰੇ ਘਰ ਜਵਾਈ ਬਣ ਕੇ ਹੀ ਰਹਿੰਦਾ ਸੀ। ਇਸ ਲਈ ਕਦੇ ਕਦਾਈਂ ਉਹ ਇਹਨਾਂ ਨੂੰ ਆ ਕੇ ਮਿਲ ਜਾਂਦਾ,ਊਂ ਤਾਂ ਬਹੁਤਾ ਕਰਕੇ ਇਹੀ ਸਾਰੇ ਉਸ ਨੂੰ ਸਮਾਂ ਲੱਗਦੇ ਈ ਮਿ਼ਲ ਆਉਂਦੇ ਸਨ। ਉਸ ਦਾ ਇਕਲੌਤਾ ਮੁੰਡਾ ਸੋ਼ਲਾਂ ਕੁ ਸਾਲਾਂ ਦਾ ਸੀ ਜੋ ਹਜੇ ਪੜ੍ਹਦਾ ਹੀ ਸੀ । ਜ਼ਮੀਨ ਚੰਗੀ ਹੋਣ ਕਰਕੇ ਖੇਤੀਬਾੜੀ ਦਾ ਕੰਮ ਇਕੱਲੇ ਬਖਤੌਰੇ ਦੇ ਮੁੰਡੇ ਨੂੰ ਸੰਭਾਲਣ ਕਰਕੇ ਰਿਸ਼ਤੇਦਾਰੀਆਂ ਵਿੱਚ ਮਿਲਣ ਗਿਲਣ ਜਾਣ ਨੂੰ ਸਮਾਂ ਘੱਟ ਈ ਲੱਗਦਾ ਸੀ।

ਅਗਲੇ ਦਿਨ ਬਖਤੌਰਾ ਤੇ ਉਸ ਦੀ ਵੱਡੀ ਕੁੜੀ ਪਹਿਲੀ ਬੱਸ ਈ ਚਲੇ ਗਏ। ਉੱਥੇ ਦੋ ਦਿਨ ਹੱਸ ਖੇਡ ਕੇ ਪਤਾ ਈ ਨੀ ਲੱਗਿਆ ਕਿਵੇਂ ਦੋ ਦਿਨ ਬੀਤ ਗਏ। ਉਹ ਦੋ ਰਾਤਾਂ ਰਹਿ ਕੇ ਤੀਜੇ ਦਿਨ ਪਹਿਲੀ ਬੱਸ ਈ ਵਾਪਸ ਆ ਗਏ। ਚਾਹ ਪੀਂਦਿਆਂ ਛੋਟੀ ਨੂੰਹ ਦਾ ਧਿਆਨ ਵੱਡੀ ਨਣਦ ਦੇ ਕੰਨਾਂ ਵੱਲ ਪਿਆ ਤਾਂ ਇੱਕ ਦਮ ਬੋਲੀ," ਬੀਬੀ! ਆਹ ਤੇਰਾ ਇੱਕ ਕੰਨ ਤਾਂ ਸੁੰਨਾ..... ਇੱਕ ਕੰਨ 'ਚ ਵਾ਼ਲੀ ਓ ਈ ਨੀ।"

"ਹੈਂ! ਨੀ ਮੈਂ ਮਰਜਾਂ .... ਦੇਖਿਓ ਕਿਤੇ ਐਥੇ ਈ ਤਾਂ ਨੀ ਡਿੱਗੀ....?" ਸਾਰੇ ਐਧਰ ਓਧਰ ਨਾ਼ਲੇ ਵਾ਼ਲੀ ਲੱਭਦੇ ਹਨ ਤੇ ਨਾ਼ਲੇ ਸਲਾਹਾਂ ਦਿੰਦੇ ਹਨ। ਵੱਡੀ ਨੂੰਹ ਬੋਲੀ," ਬੀਬੀ ਤੂੰ ਆਪਣੀ ਚੁੰਨੀ ਝਾੜ ਕੇ ਦੇਖ...... ਕਈ ਵਾਰੀ ਕੁੰਡਾ ਖੁੱਲ੍ਹ ਕੇ ਚੁੰਨੀ 'ਚ ਵੀ ਫਸ ਜਾਂਦੀ ਆ.....!" ਛੋਟੀ ਨੂੰਹ ਬੋਲੀ," ਬੀਬੀ , ਤੂੰ ਆਪਣੇ ਕੱਪੜੇ ਝਾੜ ਕੇ ਵੀ ਦੇਖ ਲੈ....!" ਵੱਡੇ ਦਾ ਮੁੰਡਾ ਬੋਲਿਆ,",ਭੂਆ ਜੀ..... ਕਿਤੇ..... ਬੱਸ 'ਚ ਤਾਂ ਨੀ ਸੁੱਟ ਆਏ....?"

ਓਹਦੀ ਮਾਂ ਬੋਲੀ," ਵੇ ਸੁੱਖ ਬੋਲੀ ਬੋਲ.....ਸੋਨਾ ਤਾਂ ਗੁੰਮਿਆ ਵੀ ਮਾੜਾ ਹੁੰਦਾ ਤੇ ਲੱਭਿਆ ਵੀ...... ਮੈਂ ਤਾਂ ਕਹਿਨੀਂ ਆਂ ਏਥੇ ਕਿਤੇ ਈ ਪਈ ਲੱਭ ਜਾਏ....!" "ਲੈ.... ਆਏਂ ਉਰੇ ਕਿਵੇਂ ਲੱਭ ਜੂ..... ਜੇ ਡਿੱਗੀ ਕਿਤੇ ਬਾਹਰ ਹੋਊ....!" ਮੁੰਡਾ ਬ਼ਗਾਵਤੀ ਸੁਰ ਵਿੱਚ ਬੋਲਿਆ। ਮਾਂ ਨੇ " ਦੂਰ ਫਿੱਟੇ ਮੂੰਹ" ਕਹਿਕੇ ਉਸ ਦੀ ਗੱਲ ਨੂੰ ਵਿਰਾਮ ਲਗਾਇਆ।

ਓਧਰ ਬੈਠਕ ਵਿੱਚ ਬਾਪੂ ਇਸ ਗੱਲੋਂ ਬੇਖ਼ਬਰ ਸ਼ਾਂਤ ਜਿਹਾ ਹੋਇਆ ਬੈਠਾ ਸੀ। ਉਹ ਦੋ ਸੌ ਰੁਪਏ ਕਿਤੇ ਸੁੱਟ ਆਇਆ ਸੀ ਪਰ ਇਸ ਵਾਰ ਉਸ ਨੇ ਐਸ ਗੱਲੋਂ ਡਰਦੇ ਰੌ਼ਲਾ ਨੀ ਪਾਇਆ ਸੀ ਕਿ ਜਵਾਕ ਉਸ ਨੂੰ "ਕਮਲਾ" ਆਖਣਗੇ ,ਤੇ ਕਹਿਣਗੇ ਕਿ ਬਾਪੂ ਤਾਂ ਹਰ ਵਾਰੀ ਪੈਸੇ ਸੁੱਟ ਆਉਂਦੈ ....।

ਬੱਸਾਂ ਵਿੱਚ ਚੋਰ ਉਚੱਕੇ ਤੇ ਜੇਬ ਕਤਰੇ ਕਿਹੜਾ ਘੱਟ ਚੜ੍ਹਦੇ ਨੇ, ਬੀਬੀ ਦੀ ਵਾ਼ਲੀ ਦੇ ਨਾਲ ਹੀ ਬੈਗ ਦੀ ਅੰਦਰਲੀ ਜੇਬ ਵਿੱਚੋਂ ਨਿੱਕਾ ਜਿਹਾ ਬਟੂਆ ਵੀ ਗਾਇਬ ਸੀ ,ਜਿਸ ਵਿੱਚ ਬੀਬੀ ਨੇ ਸਾਰਿਆਂ ਤੋਂ ਚੋਰੀ ਚੋਰੀ ਕੁਛ ਪੈਸੇ ਜੋੜ ਕੇ ਰੱਖੇ ਸਨ ਜੋ ਉਸ ਨੇ ਗਿਣੇ ਤਾਂ ਨਈਂ ਸਨ ਪਰ ਅੰਦਾਜ਼ੇ ਨਾਲ ਹਜ਼ਾਰ ਕੁ ਰੁਪਏ ਹੋਣਗੇ। ਸਾਰਿਆਂ ਨੂੰ ਬੜਾ ਅਫਸੋਸ ਹੋਇਆ ਪਰ ਦੋਹਾਂ ਭਰਾਵਾਂ ਨੇ ਉਸ ਨੂੰ ਅਗਲੀ ਵਾਢੀ ਤੇ ਵਾ਼ਲੀ ਬਣਵਾ ਕੇ ਦੇਣ ਦਾ ਵਾਅਦਾ ਕੀਤਾ ਤੇ ਬੀਬੀ ਨੂੰ ਹੌਸਲਾ ਦੇ ਕੇ ਆਖਿਆ ਕਿ ਹੋਏ ਨੁਕਸਾਨ ਦਾ ਉਹ ਹੌਲ ਨਾ ਕਰੇ।

ਦੋ ਕੁ ਮਹੀਨਿਆਂ ਬਾਅਦ ਰੱਖ਼ੜੀ ਦਾ ਤਿਉਹਾਰ ਸੀ। ਬਖਤੌਰੇ ਦੀ ਸਾਰਿਆਂ ਤੋਂ ਛੋਟੀ ਕੁੜੀ ਆਪਣੇ ਛੋਟੇ ਛੋਟੇ ਜਵਾਕਾਂ ਨਾ਼ਲ ਬੱਸ ਵਿੱਚ ਆਈ।ਉਸ ਦਾ ਘਰਵਾਲਾ ਸਰਕਾਰੀ ਬੱਸਾਂ ਦਾ ਡਰਾਈਵਰ ਹੋਣ ਕਰਕੇ ਉਹਨਾਂ ਦੇ ਪਾਸ ਬਣੇ ਹੋਏ ਸਨ। ਇਸ ਲਈ ਉਹਨਾਂ ਨੂੰ ਬੱਸ ਦਾ ਕਿਰਾਇਆ ਨਹੀਂ ਦੇਣਾ ਪੈਂਦਾ ਸੀ। ਉਹ ਆਪਣੇ ਦੋਹਾਂ ਭਰਾਵਾਂ ਦੇ ਰੱਖੜੀਆਂ ਬੰਨ੍ਹ ਕੇ ਆਪਣੇ ਤੀਜੇ ਭਰਾ ਦੇ ਰੱਖ਼ੜੀ ਬੰਨ੍ਹਣ ਲਈ ਤੁਰਨ ਲੱਗੀ ਨੇ ਪੰਦਰਾਂ ਸੌ ਰੁਪਏ ਆਪਣੇ ਪਰਸ ਦੀ ਅੰਦਰਲੀ ਜੇਬ ਵਿੱਚ ਪਾ ਲਏ । ਉਸ ਨੂੰ ਉੱਥੇ ਜਾਂਦੀ ਨੂੰ ਸ਼ਾਮ ਹੋ ਗਈ। ਭਰਾ ਅਤੇ ਭਤੀਜੇ ਦੇ ਰੱਖੜੀ ਬੰਨ੍ਹ ਕੇ ਜਿਹੜੇ ਪੈਸੇ ਉਹਨਾਂ ਤੋਂ ਮਿ਼ਲੇ ਉਹ ਵੀ ਉਸ ਨੇ ਪਰਸ ਦੀ ਦੂਜੀ ਜੇਬ ਵਿੱਚ ਪਾ ਲਏ।

ਇਹ ਦੂਰ ਵਿਆਹੀ ਹੋਣ ਕਰਕੇ ਇਸ ਦਾ ਗੇੜਾ ਕਦੇ ਕਦੇ ਤਿਉਹਾਰ ਵਾ਼ਲੇ ਦਿਨ ਹੀ ਲੱਗਦਾ ਸੀ। ਸਾਰੇ ਰਾਤ ਤੱਕ ਬਹੁਤ ਖੁਸ਼ ਗੱਲਾਂ ਬਾਤਾਂ ਕਰਦੇ ਰਹੇ। ਸਵੇਰੇ ਉੱਠ ਕੇ ਛੋਟੀ ਕੁੜੀ ਨੇ ਪਰਸ ਵਿੱਚੋਂ ਬੁਰਸ਼ ਕੱਢਣ ਲੱਗੀ ਨੇ ਦੋਵੇਂ ਜੇਬਾਂ ਦੇਖੀਆਂ ਤੇ ਪੈਸੇ ਗਿਣ ਕੇ ਉਵੇਂ ਹੀ ਰੱਖ ਦਿੱਤੇ। ਜਦ ਉਹ ਬੁਰਸ਼ ਕਰਕੇ ਆਈ ਤਾਂ ਬੁਰਸ਼ ਪਰਸ ਵਿੱਚ ਰੱਖਣ ਲੱਗੀ ਨੂੰ ਉਸ ਨੂੰ ਸ਼ੱਕ ਜਿਹਾ ਹੋਇਆ ਤਾਂ ਦੇਖਿਆ ਪੰਦਰਾਂ ਸੌ ਰੁਪਏ ਜੋ ਉਸ ਨੇ ਹੁਣੇ ਗਿਣ ਕੇ ਰੱਖੇ ਸਨ,ਉਹ ਗ਼ਾਇਬ ਸਨ। ਕੁੜੀ ਨੇ ਰੌ਼ਲਾ ਪਾ ਲਿਆ। ਭਰਾ ਨੇ ਭੈਣ ਨੂੰ ਆਖਿਆ ਕਿ ਉਸ ਨੂੰ ਗ਼ਲਤੀ ਲੱਗੀ ਹੋਵੇਗੀ। ਉਸ ਨੇ ਸਾਫ਼ ਦੱਸਿਆ ਕਿ ਹੁਣੇ ਤਾਂ ਹਜੇ ਉਹ ਗਿਣ ਕੇ ਗਈ ਸੀ.... ਘਰ ਵਿੱਚ ਤਣਾਅ ਦਾ ਮਾਹੌਲ ਪੈਦਾ ਹੋ ਗਿਆ..... ਐਨੇ ਨੂੰ ਸੀਤੇ ਦਾ ਮੁੰਡਾ ਆ ਕੇ ਆਖਣ ਲੱਗਿਆ,"ਭੂਆ ਜੀ.... ਐਥੇ ਕਿਤੇ ਦੇਖ ਲਓ ਕਿਤੇ ਗਿਣਦਿਆਂ ਤੋਂ ਨਾ ਡਿੱਗ ਪਏ ਹੋਣ."

"ਨਾ ... ਮੈਂ ਕਮਲੀ ਆਂ..... ਜੋ ਮੈਂ ਐਧਰ ਓਧਰ ਸਿੱਟਦੀ ਫਿਰੂੰ....?"

" ਭੂਆ ਜੀ ਔਹ ਦੇਖੋ.... ਪੰਜ ਸੌ ਦਾ ਨੋਟ ਪਿਆ..... !" ਗੁਛਮੁਛ ਕੀਤੇ ਨੋਟ ਵੱਲ ਇਸ਼ਾਰਾ ਕਰਕੇ ਸੀਤੇ ਦਾ ਮੁੰਡਾ ਬੋਲਿਆ।

"ਮੈਂ ਤਾਂ ਏਨੇ ਗੁਛਮੁਛ ਕਰਕੇ ਨੋਟ ਰੱਖਦੀ ਓ ਨੀ....!"

ਭਰਾ ਮੌਕਾ ਸੰਭਾਲਦੇ ਹੋਏ ਬੋਲਿਆ," ਲੈ.... ਤੈਨੂੰ ....ਮੈਂ ਦੇ ਦਿੰਨਾਂ ਪੈਸੇ .... ਪਰ ਤੂੰ ਆਪਣੇ ਪਿੰਡ ਨਾ ਇਹ ਗੱਲ ਕਰੀਂ....!" ਕਹਿਕੇ ਛੋਟੀ ਭੈਣ ਨੂੰ ਪੈਸੇ ਦੇ ਕੇ ਤੋਰ ਦਿੱਤਾ।

ਪਰ ਛੋਟੀ ਕੁੜੀ ਨੇ ਪਿੰਡ ਆ ਕੇ ਆਪਣੇ ਦੂਜੇ ਭੈਣ ਭਰਾਵਾਂ ਨੂੰ ਅਤੇ ਬਾਪੂ ਨੂੰ ਸਾਰੀ ਗੱਲ ਦੱਸੀ। ਫੇਰ ਵੱਡੀ ਨੂੰਹ ਨੇ ਦੱਸਿਆ,"ਜਦੋਂ ਓਹਦੀ ਮਾਂ ਵਿਆਹੀ ਆਈ ਸੀ .... ਨਵੀਂ ਨਵੀਂ ਨੇ ਈ ਆਪਣੇ ਬੇਬੇ ਜੀ ਦੇ ਸੰਦੂਕ ਦੇ ਲੌਕਰ ਦੀ ਸਫ਼ਾਈ ਕਰਤੀ ਸੀ ,ਓਹ ਤਾਂ ਬੇਬੇ ਜੀ ਨੇ ਮੌਕੇ ਤੇ ਦੇਖ ਲਿਆ ਸੀ... ....ਇਹ ਗੱਲ ਮੇਰੇ ਤੇ ਬੇਬੇ ਜੀ ਤੋਂ ਬਾਅਦ ਅੱਜ ਸਭ ਨੂੰ ਪਤਾ ਲੱਗੀ ਆ ....ਇਹਦਾ ਮਤਲਬ ਮੁੰਡੇ ਨੂੰ ਵੀ ਮਾਂ ਵਾਲੀਆਂ ਆਦਤਾਂ ਪੈ ਗਈਆਂ.... ਭਾਈ ਹੁਣ ਆਪਣੀ ਛੋਟੀ ਕੁੜੀ ਦੀ ਸਿਆਣਪ ਕਰਕੇ ਸਭ ਨੂੰ ਪਤਾ ਲੱਗ ਗਿਆ.... ਪੰਜੇ ਉਂਗਲਾਂ ਇੱਕੋ ਜਿਹੀਆਂ ਨੀ ਹੁੰਦੀਆਂ..... ਕਿਸੇ ਨੂੰ ਥੋੜ੍ਹੇ ਜਿਹੇ ਵਿੱਚ ਵੀ ਸਬਰ ਹੁੰਦਾ ਤੇ ਕਿਸੇ ਨੂੰ ਬਹੁਤੇ ਨਾਲ ਵੀ ਸੰਤੁਸ਼ਟੀ ਨੀ ਮਿਲਦੀ.... ਨਾ਼ਲੇ ਇਹ ਗਰੀਬੀ ਕਰਕੇ ਨੀ ਸੁਭਾਅ ਕਰਕੇ ਚੋਰ ਹੁੰਦੇ ਨੇ.... ਤਾਂ ਹੀ ਤਾਂ ਇਹ ਆਪਣੀ ਆਦਤ ਤੋਂ ਮਜ਼ਬੂਰ ਹੁੰਦੇ ਨੇ !"ਇਹੋ ਜਿਹੇ ਲੋਕਾਂ ਨੂੰ ਸੁਧਾਰਨ ਲਈ ਅਸੀਂ ਚਾਹ ਕੇ ਵੀ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਸਕਦੇ ਹੁੰਦੇ ਕਿਉਂ ਕਿ ਉਹ ਸਮਾਜ ਦੇ ਚੰਗੇ ਪਰਿਵਾਰਾਂ ਦਾ ਹਿੱਸਾ ਹੁੰਦੇ ਹਨ !



WE HAVE THE CHEAPEST FARES TO INDIA

# LEGEND TRAVEL



JATINDER SINGH

arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US

(510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**

**3 ਦਿਨ ਦਾ ਮੁਫ਼ਤ TRIAL ਮਿਲੇਗਾ!**

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com

# ਸਾਉਣ ਦਾ ਮਹੀਨਾ

ਸਾਉਣ ਦਾ ਮਹੀਨਾ ਮਾਹੀਆ ਅੱਜ ਗਿਆ ਚੜ੍ਹ ਵੇ,
ਤੇਰੀਆਂ ਯਾਦਾਂ ਨੇ ਆ ਕੇ ਮੇਰਾ ਦਿਲ ਲਿਆ ਫੜ ਵੇ।
ਕਾਲੀਆਂ ਘਟਾਵਾਂ ਅੰਬਰ ਤੇ ਛਾ ਗਈਆਂ ਨੇ,
ਹੌਲੀ, ਹੌਲੀ ਕਣੀਆਂ ਵੀ ਪੈਣ ਲੱਗ ਪਈਆਂ ਨੇ।
ਹਾੜ੍ਹ ਦੀ ਗਰਮੀ ਤੋਂ ਛੁਟਕਾਰਾ ਮਿਲ ਜਾਣਾ ਏ,
ਸੁੱਕ ਰਹੇ ਵੇਲ,ਬੂਟਿਆਂ ਨੂੰ ਸਹਾਰਾ ਮਿਲ ਜਾਣਾ ਏ।
ਕੱਠੇ ਹੋ ਕੇ ਬੱਚਿਆਂ ਨੇ ਮੀਂਹ ਵਿੱਚ ਨਹਾਉਣਾ ਏ,
ਮੱਝਾਂ ਤੇ ਗਾਵਾਂ ਨੂੰ ਵੀ ਸੁੱਖ ਦਾ ਸਾਹ ਆਉਣਾ ਏ।
ਖੀਰ ਤੇ ਪੂੜੇ ਬਣਾਉਣ ਲਈ ਸੱਸ ਨੇ ਕਹਿਣਾ ਏ,
ਤੇਰੇ ਬਿਨਾਂ ਮੈਥੋਂ ਇਹ ਸਭ ਕੁਝ ਨਹੀਂ ਹੋਣਾ ਏ।
ਦੂਰ ਰਹਿ ਕੇ ਲੰਘਾ ਨਾ ਦੇਵੀਂ ਸਾਉਣ ਦਾ ਮਹੀਨਾ ਵੇ,
ਤੇਰੇ ਬਿਨਾਂ ਮੀਂਹ 'ਚ ਵੀ ਤਪੀ ਜਾਣਾ ਮੇਰਾ ਸੀਨਾ ਵੇ।
ਹੁੰਦੇ ਉਹ ਸਿਆਣੇ ਜਿਹੜੇ ਮੌਕੇ ਨੂੰ ਸੰਭਾਲਦੇ,
ਹੁੰਦੇ ਉਹ ਮੂਰਖ ਜਿਹੜੇ ਰਾਖ ਚੋਂ ਸੋਨਾ ਭਾਲਦੇ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਅੰਕਾਂ ਨਾਲ ਸੰਘਰਸ਼ ਸੁਪਨਿਆਂ ਨਾਲ ਨਹੀਂ

ਸਕੂਲਾਂ ਵਿੱਚ ਅਕਸਰ ਉਹ ਬੱਚੇ ਜੋ ਗਣਿਤ ਵਿੱਚ ਕਮਜ਼ੋਰ ਹੁੰਦੇ ਹਨ, ਉਨ੍ਹਾਂ ਨੂੰ ਘੱਟ ਹੁਸ਼ਿਆਰ ਸਮਝ ਲਿਆ ਜਾਂਦਾ ਹੈ। ਜੇ ਕੋਈ ਬੱਚਾ ਜੋੜ-ਘਟਾਉ ਕਰਨ ਵਿੱਚ ਵੱਧ ਸਮਾਂ ਲੈਂਦਾ ਹੈ, ਪਾੜੇ ਯਾਦ ਨਹੀਂ ਰੱਖ ਸਕਦਾ ਜਾਂ ਅੰਕਾਂ ਨੂੰ ਸਮਝਣ ਵਿੱਚ ਮੁਸ਼ਕਲ ਮਹਿਸੂਸ ਕਰਦਾ ਹੈ ਤਾਂ ਅਕਸਰ ਉਸ ਨੂੰ ਆਲਸੀ ਜਾਂ ਲਾਪਰਵਾਹ ਕਹਿ ਦਿੱਤਾ ਜਾਂਦਾ ਹੈ। ਪਰ ਹਰ ਵਾਰ ਅਜਿਹਾ ਨਹੀਂ ਹੁੰਦਾ। ਕਈ ਵਾਰ ਇਸ ਦੇ ਪਿੱਛੇ ਇੱਕ ਵਿਸ਼ੇਸ਼ ਸਿੱਖਣ ਸੰਬੰਧੀ ਸਥਿਤੀ ਹੁੰਦੀ ਹੈ, ਜਿਸ ਨੂੰ ਡਿਸਕੈਲਕੁਲੀਆ ਕਿਹਾ ਜਾਂਦਾ ਹੈ।

ਡਿਸਕੈਲਕੁਲੀਆ ਕੋਈ ਬਿਮਾਰੀ ਨਹੀਂ ਹੈ ਅਤੇ ਨਾ ਹੀ ਇਹ ਬੱਚੇ ਦੀ ਬੁੱਧੀ ਜਾਂ ਯੋਗਤਾ ਦੀ ਘਾਟ ਨੂੰ ਦਰਸਾਉਂਦੀ ਹੈ। ਇਹ ਸਿਰਫ਼ ਗਣਿਤ ਅਤੇ ਅੰਕਾਂ ਨੂੰ ਸਮਝਣ ਦਾ ਇੱਕ ਵੱਖਰਾ ਤਰੀਕਾ ਹੈ। ਅਜਿਹੇ ਬੱਚਿਆਂ ਨੂੰ ਅੰਕਾਂ ਦੀ ਪਛਾਣ, ਗਿਣਤੀ, ਜੋੜ, ਘਟਾਉ, ਗੁਣਾ ਅਤੇ ਭਾਗ ਵਰਗੇ ਕੰਮਾਂ ਵਿੱਚ ਮੁਸ਼ਕਲ ਆ ਸਕਦੀ ਹੈ। ਕਈ ਵਾਰ ਉਨ੍ਹਾਂ ਨੂੰ ਸਮਾਂ ਦੇਖਣ, ਪੈਸਿਆਂ ਦਾ ਹਿਸਾਬ ਕਰਨ ਜਾਂ ਦਿਨਾਂ ਅਤੇ ਤਾਰੀਖਾਂ ਨੂੰ ਯਾਦ ਰੱਖਣ ਵਿੱਚ ਵੀ ਦਿੱਕਤ ਮਹਿਸੂਸ ਹੁੰਦੀ ਹੈ।

ਬਹੁਤ ਸਾਰੇ ਬੱਚੇ ਇਸ ਸਮੱਸਿਆ ਕਾਰਨ ਆਪਣੇ ਆਪ ਨੂੰ ਹੋਰਨਾਂ ਨਾਲੋਂ ਘੱਟ ਸਮਝਣ ਲੱਗਦੇ ਹਨ। ਜਦੋਂ ਉਨ੍ਹਾਂ ਨੂੰ ਵਾਰ-ਵਾਰ ਡਾਂਟਿਆ ਜਾਂਦਾ ਹੈ ਜਾਂ ਹੋਰ ਬੱਚਿਆਂ ਨਾਲ ਤੁਲਨਾ ਕੀਤੀ ਜਾਂਦੀ ਹੈ ਤਾਂ ਉਨ੍ਹਾਂ ਦਾ ਆਤਮ-ਵਿਸ਼ਵਾਸ ਘਟਣ ਲੱਗਦਾ ਹੈ। ਇਸ ਲਈ ਮਾਪਿਆਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਬੱਚਿਆਂ ਦੀ ਸਮੱਸਿਆ ਨੂੰ ਸਮਝਣ ਅਤੇ ਉਨ੍ਹਾਂ ਨੂੰ ਹੌਸਲਾ ਦੇਣ।

ਜੇ ਡਿਸਕੈਲਕੁਲੀਆ ਦੀ ਸਮੇਂ ਸਿਰ ਪਛਾਣ ਹੋ ਜਾਵੇ ਤਾਂ ਸਹੀ ਸਿੱਖਣ ਦੇ ਤਰੀਕਿਆਂ ਨਾਲ ਬੱਚਿਆਂ ਦੀ ਬਹੁਤ ਮਦਦ ਕੀਤੀ ਜਾ ਸਕਦੀ ਹੈ। ਚਿੱਤਰਾਂ, ਖੇਡਾਂ, ਮਾਡਲਾਂ ਅਤੇ ਰੋਜ਼ਾਨਾ ਜੀਵਨ ਦੀਆਂ ਉਦਾਹਰਨਾਂ ਰਾਹੀਂ ਗਣਿਤ ਨੂੰ ਆਸਾਨ ਅਤੇ ਦਿਲਚਸਪ ਬਣਾਇਆ ਜਾ ਸਕਦਾ ਹੈ। ਹਰ ਬੱਚੇ ਨੂੰ ਉਸ ਦੀ ਗਤੀ ਅਤੇ ਸਮਰੱਥਾ ਅਨੁਸਾਰ ਸਿੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਗਣਿਤ ਵਿੱਚ ਮੁਸ਼ਕਲ ਹੋਣ ਦਾ ਮਤਲਬ ਇਹ ਨਹੀਂ ਕਿ ਬੱਚਾ ਹੋਰ ਖੇਤਰਾਂ ਵਿੱਚ ਵੀ ਕਮਜ਼ੋਰ ਹੋਵੇਗਾ। ਅਜਿਹੇ ਬੱਚੇ ਕਲਾ, ਸੰਗੀਤ, ਸਾਹਿਤ, ਖੇਡਾਂ, ਵਿਗਿਆਨ ਜਾਂ ਰਚਨਾਤਮਕ ਕੰਮਾਂ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰ ਸਕਦੇ ਹਨ। ਹਰ ਬੱਚੇ ਵਿੱਚ ਕੋਈ ਨਾ ਕੋਈ ਖਾਸ ਯੋਗਤਾ ਹੁੰਦੀ ਹੈ, ਜਿਸ ਨੂੰ ਪਛਾਣਨ ਅਤੇ ਨਿਖਾਰਨ ਦੀ ਲੋੜ ਹੁੰਦੀ ਹੈ।

ਅੱਜ ਦੇ ਸਮੇਂ ਵਿੱਚ ਲੋੜ ਇਸ ਗੱਲ ਦੀ ਹੈ ਕਿ ਡਿਸਕੈਲਕੁਲੀਆ ਬਾਰੇ ਸਮਾਜ ਵਿੱਚ ਜਾਗਰੂਕਤਾ ਵਧਾਈ ਜਾਵੇ। ਸਕੂਲਾਂ ਅਤੇ ਪਰਿਵਾਰਾਂ ਨੂੰ ਮਿਲ ਕੇ ਅਜਿਹਾ ਮਾਹੌਲ ਤਿਆਰ ਕਰਨਾ ਚਾਹੀਦਾ ਹੈ ਜਿੱਥੇ ਬੱਚੇ ਬਿਨਾਂ ਡਰ ਅਤੇ ਦਬਾਅ ਦੇ ਸਿੱਖ ਸਕਣ।

ਅੰਕਾਂ ਨਾਲ ਸੰਘਰਸ਼ ਕਰਨ ਵਾਲੇ ਇਹ ਬੱਚੇ ਆਪਣੇ ਸੁਪਨਿਆਂ ਨਾਲ ਸੰਘਰਸ਼ ਨਹੀਂ ਕਰ ਰਹੇ ਹੁੰਦੇ। ਜੇ ਉਨ੍ਹਾਂ ਨੂੰ ਸਹੀ ਮਾਰਗਦਰਸ਼ਨ, ਧੀਰਜ ਅਤੇ ਸਹਿਯੋਗ ਮਿਲੇ ਤਾਂ ਉਹ ਵੀ ਜੀਵਨ ਦੇ ਹਰ ਖੇਤਰ ਵਿੱਚ ਨਵੀਆਂ ਉਚਾਈਆਂ ਨੂੰ ਛੂਹ ਸਕਦੇ ਹਨ। ਆਖ਼ਰਕਾਰ ਹਰ ਬੱਚਾ ਆਪਣੀ ਯੋਗਤਾ ਨਾਲ ਪਛਾਣਿਆ ਜਾਣਾ ਚਾਹੀਦਾ ਹੈ, ਨਾ ਕਿ ਸਿਰਫ਼ ਉਸ ਦੇ ਗਣਿਤ ਦੇ ਅੰਕਾਂ ਨਾਲ।

SANJHI SOCH
ਨਵਨੀਤ ਸਿੰਘ
9814509900



LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੌਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

# S. Singh Cell: (510) 766-9382

## 2955 N. Wilson Way Stockton , CA 95205

# SANJHI SOCH TV & DAILY NEWSPAPER




## TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

## Call +1 (209) 303-1260

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

SANJHI SOCH

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

SANJHI SOCH

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

**ਸੰਪਰਕ: +1 (209) 303-1260**